ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 80 | Monday, April 25, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

# ਮਹਾਂਮਾਰੀ ਨੂੰ ਵਿਸਾਰ ਕੇ ਚੋਣ ਮੁਹਿੰਮ ਚਲਾ ਰਹੀ ਹੈ ਫੋਰਡ ਸਰਕਾਰ

ਓਨਟਾਰੀਓ, 24 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੀ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਇਸ ਤਰ੍ਹਾਂ ਆਪਣੀ ਮੁਹਿੰਮ ਚਲਾ ਰਹੀ ਹੈ ਜਿਵੇਂ ਕੋਵਿਡ-19 ਮਹਾਂਮਾਰੀ ਖਤਮ ਹੋ ਗਈ ਹੋਵੇ। ਪਰ ਮਾਹਿਰਾਂ ਦਾ ਕਹਿਣਾ ਹੈ ਕਿ ਕਿਸੇ ਨਾ ਕਿਸੇ ਰੂਪ ਵਿੱਚ ਮਹਾਂਮਾਰੀ ਚੋਣ ਮੁਹਿੰਮ ਨੂੰ ਰੰਗਤ ਜ਼ਰੂਰ ਦੇਵੇਗੀ।

ਹਾਲਾਂਕਿ ਰਸਮੀ ਤੌਰ ਉੱਤੇ ਚੋਣ ਮੁਹਿੰਮ ਦੀ ਸ਼ੁਰੂਆਤ ਅਜੇ ਨਹੀਂ ਹੋਈ ਹੈ ਪਰ ਪ੍ਰੀਮੀਅਰ ਡੱਗ ਫੋਰਡ ਤੇ ਉਨ੍ਹਾਂ ਦੇ ਕੈਬਨਿਟ ਮੰਤਰੀਆਂ ਵੱਲੋਂ "ਬਿਲਡਿੰਗ ਓਨਟਾਰੀਓ" ਦੇ ਨਾਂ ਉੱਤੇ ਪ੍ਰੋਵਿੰਸ ਭਰ ਵਿੱਚ ਦੌਰੇ ਕਰਕੇ ਕਈ ਤਰ੍ਹਾਂ ਦੇ ਵਾਅਦੇ ਜ਼ਰੂਰ ਕੀਤੇ ਜਾ ਰਹੇ ਹਨ। ਇਸ ਦੌਰਾਨ ਜ਼ਿਆਦਾ ਧਿਆਨ ਟਰਾਂਸਪੋਰਟੇਸ਼ਨ ਉੱਤੇ ਦਿੱਤਾ ਜਾ ਰਿਹਾ ਹੈ ਤੇ ਹਾਈਵੇਅਜ਼, ਸਬਵੇਅਜ਼ ਤੇ ਇਲੈਕਟ੍ਰਿਕ ਵ੍ਹੀਕਲ ਦੇ ਨਿਰਮਾਣ ਦਾ ਤਹੱਈਆ ਪ੍ਰਗਟਾਇਆ ਜਾ ਰਿਹਾ ਹੈ।



ਇਸ ਦੇ ਨਾਲ ਹੀ ਹੈਲਥ ਕੇਅਰ ਨਾਲ ਜੁੜੇ ਇਨਫਰਾਸਟ੍ਰਕਚਰ ਜਿਵੇਂ ਕਿ ਹਸਪਤਾਲ ਤੇ ਲਾਂਗ ਟਰਮ ਕੇਅਰ ਦੇ ਪਸਾਰ ਲਈ ਵੀ ਵਾਅਦੇ ਕੀਤੇ ਜਾ ਰਹੇ ਹਨ।

ਇਹ ਵੀ ਲੱਗ ਰਿਹਾ ਹੈ ਕਿ ਟੋਰੀਜ਼ ਵੱਲੋਂ ਆਪਣਾ ਸਾਰਾ ਧਿਆਨ ਮਹਾਂਮਾਰੀ ਤੋਂ ਉਭਰ ਰਹੇ ਪ੍ਰੋਵਿੰਸ ਦੇ ਪੁਨਰ ਨਿਰਮਾਣ ਉੱਤੇ ਕੇਂਦਰਿਤ ਕੀਤਾ ਜਾ ਰਿਹਾ ਹੈ ਤੇ ਉਹ ਖੁਦ ਨੂੰ ਇਸ ਤਰ੍ਹਾਂ ਪੇਸ਼ ਕਰ ਰਹੇ ਹਨ ਕਿ 2 ਜੂਨ ਨੂੰ ਹੋਣ ਵਾਲੀਆਂ ਵੋਟਾਂ ਤੋਂ ਪਹਿਲਾਂ ਅਜਿਹਾ ਕਰਨ ਵਾਲੀ ਸਿਰਫ ਉਨ੍ਹਾਂ ਦੀ ਹੀ ਇੱਕਮਾਤਰ ਪਾਰਟੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ 2018 ਦੀ ਜਿੱਤ ਤੋਂ ਬਾਅਦ ਟੋਰੀਜ਼ ਵੱਲੋਂ ਕੁੱਝ ਵਾਅਦੇ ਪੂਰੇ ਨਹੀਂ ਕੀਤੇ ਗਏ ਹਨ ਜਿਵੇਂ ਕਿ ਬੀਅਰ ਤੇ ਵਾਈਨ ਅਜੇ ਵੀ ਸਟੋਰਜ਼ ਉੱਤੇ ਉਪਲਬਧ ਨਹੀਂ ਹੈ ਤੇ ਹਾਈਡਰੋ ਬਿੱਲਾਂ ਵਿੱਚ 12 ਫੀ ਸਦੀ ਕਟੌਤੀ ਵੀ ਅਜੇ ਨਜ਼ਰ ਨਹੀਂ ਆ ਰਹੀ।

ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਚਾਰ ਸਾਲ ਪਹਿਲਾਂ ਫੋਰਡ ਸਰਕਾਰ ਵੱਲੋਂ ਕੀਤੇ ਗਏ ਵਾਅਦਿਆਂ ਵਿੱਚੋਂ ਕੁੱਝ ਪੂਰੇ ਕਰਨ ਤੇ ਕੁੱਝ ਅਧੂਰੇ ਰਹਿਣ ਦੇ ਬਾਵਜੂਦ ਮਹਾਂਮਾਰੀ ਕਾਰਨ ਵੋਟਰਜ਼ ਪਾਰਟੀ ਦੀਆਂ ਗਲਤੀਆਂ ਨੂੰ ਮੁਆਫ ਕਰ ਸਕਦੇ ਹਨ ਤੇ ਇੱਕ ਵਾਰੀ ਫਿਰ ਪਾਰਟੀ ਨੂੰ ਸਮਰਥਨ ਵੀ ਦੇ ਸਕਦੇ ਹਨ।

## ਘਰ ਨੂੰ ਅੱਗ ਲੱਗਣ ਕਾਰਨ ਇੱਕ ਵਿਅਕਤੀ ਦੀ ਹਾਲਤ ਨਾਜ਼ੁਕ



ਵਾਅਨ, 24 ਅਪਰੈਲ (ਪੋਸਟ ਬਿਊਰੋ) : ਐਤਵਾਰ ਦੁਪਹਿਰ ਨੂੰ ਵੁੱਡਬ੍ਰਿੱਜ ਵਿੱਚ ਇੱਕ ਘਰ ਨੂੰ ਅੱਗ ਲੱਗ ਜਾਣ ਤੋਂ ਬਾਅਦ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।

ਵਾਅਨ ਫਾਇਰ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅੱਗ ਵੈਸਟਨ ਤੇ ਲੈਂਗਸਟਾਫ ਰੋਡਜ਼ ਇਲਾਕੇ ਵਿੱਚ ਐਡਰੀਆਨੋ ਕ੍ਰੀਸੈਂਟ ਸਥਿਤ ਇੱਕ ਘਰ ਵਿੱਚ ਲੱਗੀ। ਵਾਅਨ ਫਾਇਰ ਨੇ ਦੱਸਿਆ ਕਿ ਇਸ ਘਰ ਵਿੱਚ ਰਹਿਣ ਵਾਲੇ ਵਿਅਕਤੀ ਨੂੰ ਬਚਾਅ ਲਿਆ ਗਿਆ ਹੈ ਪਰ ਇਸ ਸਮੇਂ ਉਹ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ।

ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਇਸ ਸਬੰਧ ਵਿੱਚ ਫਾਇਰ ਮਾਰਸ਼ਲ ਦੇ ਆਫਿਸ ਨੂੰ ਵੀ ਸੂਚਿਤ ਕਰ ਦਿੱਤਾ ਗਿਆ ਹੈ।

## ਅੱਜ ਤੋਂ ਮਹਾਂਮਾਰੀ ਸਬੰਧੀ ਬਾਰਡਰ ਨਿਯਮਾਂ ਵਿੱਚ ਦਿੱਤੀ ਜਾਵੇਗੀ ਹੋਰ ਢਿੱਲ, ਟਰੈਵਲ ਲਈ ਮਾਸਕ ਅਜੇ ਵੀ ਰਹਿਣਗੇ ਜ਼ਰੂਰੀ



ਓਟਵਾ, 24 ਅਪਰੈਲ (ਪੋਸਟ ਬਿਊਰੋ) : ਸੋਮਵਾਰ ਤੋਂ ਕੈਨੇਡਾ ਦੀਆਂ ਮਹਾਂਮਾਰੀ ਸਬੰਧੀ ਕੁੱਝ ਸਰਹੱਦੀ ਪਾਬੰਦੀਆਂ ਵਿੱਚ ਢਿੱਲ ਦਿੱਤੀ ਜਾ ਰਹੀ ਹੈ। ਇਹ ਢਿੱਲ ਉਨ੍ਹਾਂ ਲੋਕਾਂ ਲਈ ਹੋਵੇਗੀ ਜਿਹੜੇ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਹੋਣਗੇ। ਬੱਚਿਆਂ ਲਈ ਵੀ ਢਿੱਲ ਦਿੱਤੀ ਜਾਵੇਗੀ, ਫਿਰ ਭਾਵੇਂ ਉਨ੍ਹਾਂ ਦਾ ਵੈਕਸੀਨੇਸ਼ਨ ਸਟੇਟਸ ਕੁੱਝ ਵੀ ਹੋਵੇ।


ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (ਪੀਐਚਏਸੀ) ਨੇ ਸ਼ੁੱਕਰਵਾਰ ਨੂੰ ਐਲਾਨ ਕੀਤਾ ਕਿ ਇੱਕ ਵੱਡੀ ਤਬਦੀਲੀ ਇਹ ਹੈ ਕਿ ਜਿਹੜੇ ਬੱਚਿਆਂ ਨੇ ਵੈਕਸੀਨੇਸ਼ਨ ਨਹੀਂ ਕਰਵਾਈ ਜਾਂ ਅੰਸ਼ਕ ਤੌਰ ਉੱਤੇ ਵੈਕਸੀਨੇਸ਼ਨ ਕਰਵਾ ਚੁੱਕੇ ਬੱਚੇ ਪੰਜ ਸਾਲ ਤੋਂ 11 ਸਾਲ ਦੇ ਹਨ ਤੇ ਉਹ ਆਪਣੇ ਪੂਰੀ ਵੈਕਸੀਨੇਸ਼ਨ ਕਰਵਾ ਚੁੱਕੇ ਮਾਪਿਆਂ ਜਾਂ ਗਾਰਜੀਅਨਜ਼ ਨਾਲ ਹਨ ਤਾਂ ਉਨ੍ਹਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਲਈ ਪ੍ਰੀ-ਐਂਟਰੀ ਕੋਵਿਡ-19 ਟੈਸਟ ਮੁਕੰਮਲ ਕਰਨ ਦੀ ਲੋੜ ਨਹੀਂ ਹੋਵੇਗੀ।

ਪੀਐਚਏਸੀ ਨੇ ਆਖਿਆ ਕਿ 12 ਸਾਲ ਤੇ ਇਸ ਤੋਂ ਵੱਧ ਉਮਰ ਦੇ ਅੰਸ਼ਕ ਵੈਕਸੀਨੇਟਿਡ ਜਾਂ ਵੈਕਸੀਨੇਸ਼ਨ ਨਾ ਕਰਵਾਉਣ ਵਾਲੇ ਟਰੈਵਲਰਜ਼ ਲਈ ਪ੍ਰੀ-ਐਂਟਰੀ ਟੈਸਟਸ ਅਜੇ ...ਬਾਕੀ ਪੰਨਾ 3 'ਤੇ

## ਸ਼ੂਟਿੰਗ ਵਿੱਚ ਇੱਕ ਵਿਅਕਤੀ ਜ਼ਖ਼ਮੀ, ਮਹਿਲਾ ਹਿਰਾਸਤ ਵਿੱਚ

ਬਰੈਂਪਟਨ, 24 ਅਪਰੈਲ (ਪੋਸਟ ਬਿਊਰੋ) : ਬਰੈਂਪਟਨ ਵਿੱਚ ਤੜ੍ਹਕੇ ਵਾਪਰੀ ਗੋਲੀ ਚੱਲਣ ਦੀ ਘਟਨਾ ਵਿੱਚ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ ਜਦਕਿ ਇੱਕ ਮਹਿਲਾ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ।

ਪੀਲ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਐਂਵਾਰ ਨੂੰ ਤੜ੍ਹਕੇ 3:44 ਵਜੇ ਦੇ ਨੇੜੇ ਤੇੜੇ ਵਿਲੀਅਮਜ਼ ਪਾਰਕਵੇਅ ਤੇ ਸੈਂਟਰ ਸਟਰੀਟ ਨੌਰਥ ਇਲਾਕੇ ਵਿੱਚ ਬੈਰਨਵੁੱਡ ਕੋਰਟ ਸਥਿਤ ਘਰ ਵਿੱਚ ਸੱਦਿਆ ਗਿਆ। ਮੌਕੇ ਉੱਤੇ ਪੁਲਿਸ ਨੂੰ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ।



ਜ਼ਖ਼ਮੀ ਵਿਅਕਤੀ ਨੂੰ ਲੋਕਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਗੰਭੀਰ ਪਰ ਸਥਿਰ ਦੱਸੀ ਜਾ ਰਹੀ ਹੈ। ਪੁਲਿਸ ਨੇ ਇੱਕ ਮਹਿਲਾ ਨੂੰ ਹਿਰਾਸਤ ਵਿੱਚ ਲਿਆ ਹੈ ਤੇ ਪੁਲਿਸ ਦਾ ਕਹਿਣਾ ਹੈ ਕਿ ਉਹ ਕਿਸੇ ਮਸ਼ਕੂਕ ਦੀ ਭਾਲ ਨਹੀਂ ਕਰ ਰਹੀ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
• Excellent Cash Flow And Low Vacancy Rate
• Low Operating Costs
• Many Recent Upgrades To Rooms
• New Security Camera System
• Plan Approved For Additional Unit
RAJ HANDA Broker of Record
Dir: 647-545-5228
Off: 905-457-4588
Save Max Global Realty

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
Home, Auto, Business, Trucking, Life Insurance, Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
10% additional discount on gold and upto 50% on diamond.
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
Raj & Gulshan
Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Brokerage Lic 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਕਰੋ: 647-784-1213




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop In!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO
DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਓਨਟਾਰੀਓ ਹਾਈਵੇਅਜ਼ ਉੱਤੇ ਸਪੀਡ ਲਿਮਿਟ ਵਧਾ ਕੇ 110 ਕਿਲੋਮੀਟਰ ਪ੍ਰਤੀ ਘੰਟਾ ਕੀਤੀ ਗਈ



ਓਨਟਾਰੀਓ, 24 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਹਾਈਵੇਅਜ਼ ਉੱਤੇ ਸਪੀਡ ਲਿਮਿਟ ਸਥਾਈ ਤੌਰ ਉੱਤੇ ਹੀ ਵਧਾ ਦਿੱਤੀ ਗਈ ਹੈ।

ਸ਼ੁੱਕਰਵਾਰ ਤੋਂ ਪ੍ਰੋਵਿੰਸ ਦੇ ਛੇ ਹਾਈਵੇਅਜ਼ ਉੱਤੇ ਸਪੀਡ ਲਿਮਿਟ ਵਧਾ ਕੇ 110 ਕਿਲੋਮੀਟਰ ਪ੍ਰਤੀ ਘੰਟਾ ਕਰ ਦਿੱਤੀ ਗਈ ਹੈ। ਗ੍ਰੇਟਰ ਟੋਰਾਂਟੋ ਏਰੀਆ ਦੇ ਇੱਕ ਹਿੱਸੇ ਹਾਈਵੇਅ 404 ਉੱਤੇ ਵੀ ਇਸ ਸਪੀਡ ਵਿੱਚ ਵਾਧਾ ਕੀਤਾ ਗਿਆ ਹੈ। 400 ਸੀਰੀਜ਼ ਵਾਲੇ ਹਾਈਵੇਅਜ਼ ਦੇ ਪੰਜ ਹਿੱਸਿਆਂ ਦੀ ਸਪੀਡ ਸਬੰਧੀ ਪ੍ਰੋਜੈਕਟ 2019 ਵਿੱਚ ਸ਼ੁਰੂ ਕੀਤਾ ਗਿਆ ਸੀ ਤਾਂ ਕਿ ਰਫਤਾਰ ਨੂੰ ਟ੍ਰਾਇਲ ਦੇ ਆਧਾਰ ਉੱਤੇ ਜਾਂਚਿਆ ਜਾ ਸਕੇ। ਭਾਵੇਂ ਨਿਊਮਾਰਕਿਟ ਤੋਂ ਵੁੱਡਬਾਈਨ ਐਵਨਿਊ ਤੱਕ ਹਾਈਵੇਅ 404 ਦਾ ਇਲਾਕਾ ਪਹਿਲਾਂ ਪਾਇਲਟ ਪ੍ਰੋਜੈਕਟ ਵਿੱਚ ਸ਼ਾਮਲ ਨਹੀਂ ਸੀ ਪਰ ਹੁਣ ਇੱਥੇ ਵੀ ਰਫਤਾਰ ਦੀ ਹੱਦ ਵਧਾ ਦਿੱਤੀ ਗਈ ਹੈ।

ਓਨਟਾਰੀਓ ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ ਨੇ ਪਿਛਲੇ ਮਹੀਨੇ ਇਹ ਐਲਾਨ ਕੀਤਾ ਸੀ ਕਿ ਤੇਜ਼ ਰਫਤਾਰ ਨੂੰ ਸਥਾਈ ਬਣਾਇਆ ਜਾਵੇਗਾ। ਉਨ੍ਹਾਂ ਆਖਿਆ ਕਿ ਹਾਈਵੇਅ ਦੇ ਉਹੀ ਹਿੱਸੇ ਤੇਜ਼ ਰਫਤਾਰ ਲਈ ਚੁਣੇ ਗਏ ਹਨ ਜਿਹੜੇ ਇਸ ਵਧੀ ਹੋਈ ਸਪੀਡ ਨੂੰ ਬਰਦਾਸ਼ਤ ਕਰ ਸਕਦੇ ਹਨ। ਓਨਟਾਰੀਓ ਦੇ ਹਾਈਵੇਅਜ਼ ਦੇ ਜਿਨ੍ਹਾਂ ਹਿੱਸਿਆਂ ਦੀ ਰਫਤਾਰ ਸਥਾਈ ਤੌਰ ਉੱਤੇ ਵਧਾਈ ਗਈ ਹੈ ਉਨ੍ਹਾਂ ਵਿੱਚ ਹੇਠ ਲਿਖੇ ਹਿੱਸੇ ਸ਼ਾਮਲ ਹਨ :

- Queen Elizabeth Way – from Hamilton to St. Catharines
- Highway 401 – from Windsor to Tilbury
- Highway 402 – from London to Sarnia
- Highway 404 – Newmarket to Woodbine
- Highway 417 – from Ottawa to the Quebec border
- Highway 417 – Kanata to Arnpior

# ਆਰਥਿਕ ਸੰਕਟ ਕਾਰਨ ਸ਼੍ਰੀਲੰਕਾ ਨੇ ਭਾਰਤ ਤੋਂ ਡੇਢ ਸੌ ਕਰੋੜ ਡਾਲਰ ਦਾ ਕਰਜ਼ਾ ਮੰਗਿਆ

## * ਪ੍ਰਦਰਸ਼ਨਕਾਰੀਆਂ ਵੱਲੋਂ ਪ੍ਰਧਾਨ ਮੰਤਰੀ ਦੀ ਰਿਹਾਇਸ਼ ਦਾ ਘਿਰਾਓ

ਕੋਲੰਬੋ, 24 ਅਪਰੈਲ, (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਨਾਲ ਸਾਰੀ ਦੁਨੀਆ ਦੀ ਅਰਥਵਿਵਸਥਾ ਡਾਵਾਂਡੋਲ ਹੋਈ ਪਈ ਹੈ। ਇਸ ਦਾ ਸਭ ਤੋਂ ਵੱਧ ਪ੍ਰਭਾਵ ਨੇਪਾਲ ਤੇ ਸ਼੍ਰੀਲੰਕਾ ਆਦ ਉੱਤੇ ਪਿਆ ਅਤੇ ਉਹ ਕੰਗਾਲੀ ਕੰਢੇ ਪੁੱਜ ਚੁੱਕੇ ਹਨ। ਭਾਰਤ ਦੇ ਗੁਆਂਢੀ ਦੇਸ਼ ਸ਼੍ਰੀਲੰਕਾ ਦੇ ਹਾਲਾਤ ਬਦ ਤੋਂ ਬਦਤਰ ਹੋ ਗਏ ਤੇ ਇਸ ਸੰਕਟ ਦਰਮਿਆਨ ਸ਼੍ਰੀਲੰਕਾ ਨੇ ਭਾਰਤ ਸਰਕਾਰ ਤੋਂ 150 ਕਰੋੜ ਡਾਲਰ ਦਾ ਕਰਜ਼ਾ ਮੰਗਿਆ ਹੈ।

ਸ਼੍ਰੀਲੰਕਾ ਦੇ ਵਿੱਤ ਮੰਤਰੀ ਅਲੀ ਸਾਬਰੀ ਨੇ ਕਿਹਾ ਕਿ ਦੇਸ਼ ਗੰਭੀਰ ਆਰਥਿਕ ਸਥਿਤੀ ਮੂਹਰੇ ਖੜਾ ਹੋਣ ਕਰ ਕੇ ਸ਼੍ਰੀਲੰਕਾ ਨੇ ਇੰਪੋਰਟ ਲਈ ਭਾਰਤ ਸਰਕਾਰ ਤੋਂ ਇਕ ਅਰਬ ਅਮਰੀਕੀ ਡਾਲਰ ਦਾ ਕਰਜ਼ਾ ਤੇ ਨਾਲ ਤੇਲ ਇੰਪੋਰਟ ਲਈ 50 ਕਰੋੜ ਅਮਰੀਕੀ ਡਾਲਰ ਕਰਜ਼ਾਮੰਗਿਆ ਹੈ। ਸਾਬਰੀ ਨੇ ਵਾਸ਼ਿੰਗਟਨ ਤੋਂ ਆਨਲਾਈਨ ਬ੍ਰੀਫਿੰਗ ਵਿੱਚ ਪੱਤਰਕਾਰਾਂ ਨੂੰ ਕਿਹਾ ਕਿ ਭਾਰਤ ਨਾਲ ਬੈਠਕ ਸਫਲ ਰਹੀ ਹੈ। ਸ਼੍ਰੀਲੰਕਾ ਦੇ ਇੱਕ ਮੀਡੀਆ ਅਦਾਰੇ ਇਕਾਨਮੀ ਨੈਕਸਟ ਦੇ ਮੁਤਾਬਕ ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨਾਲ ਸਰਕਾਰੀ ਪੱਧਰ ਉੱਤੇ ਗੱਲਬਾਤਦੌਰਾਨ ਤੇਲ ਲਈ 50 ਕਰੋੜ ਅਮਰੀਕੀ ਡਾਲਰ ਦੀ ਸਹੂਲਤ ਦੇਣਦੀ ਸਹਿਮਤੀ ਬਣੀ ਹੈ। ਇਸ ਤੋਂ ਬਿਨਾ ਸ਼੍ਰੀਲੰਕਾ ਨੇ ਇੰਪੋਰਟ ਲਈ ਇੱਕ ਸੌ ਕਰੋੜ ਅਮਰੀਕੀ ਡਾਲਰ ਦੀ ਮੰਗ ਕੀਤੀ ਹੈ, ਜਿਸ ਉੱਤੇ ਵਿਚਾਰ ਹੋ ਰਿਹਾ ਹੈ। ਭਾਰਤ ਪਹਿਲਾਂ ਸ਼੍ਰੀਲੰਕਾ ਨੂੰ ਇੱਕ ਸੌ ਕਰੋੜ ਅਮਰੀਕੀ ਡਾਲਰ ਦੇ ਕਰਜ਼ੇ ਦਾ ਐਲਾਨ ਕਰ ਚੁੱਕਾ ਹੈ ਤਾਂ ਜੋ ਸ਼੍ਰੀਲੰਕਾ ਨੂੰ ਮਦਦ ਮਿਲ ਸਕੇ।

ਦੂਸਰੇ ਪਾਸੇ ਸ਼੍ਰੀਲੰਕਾ ਵਿੱਚ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਦੇ 16ਵੇਂ ਦਿਨ ਵਿਦਿਆਰਥੀਆਂ ਨੇ ਅੱਜ ਐਤਵਾਰ ਨੂੰ ਏਥੇ ਪ੍ਰਧਾਨ ਮੰਤਰੀ ਨਿਵਾਸ ਦਾ ਘਿਰਾਓ ਕੀਤਾ। ਇੰਟਰ ਯੂਨੀਵਰਸਿਟੀ ਸਟੂਡੈਂਟਸ ਫੈਡਰੇਸ਼ਨ ਦੇ ਹਜ਼ਾਰਾਂ ਵਿਦਿਆਰਥੀ ਪ੍ਰਧਾਨ ਮੰਤਰੀ ਦੀ ਰਿਹਾਇਸ਼ ਤੇ ਨਾਅਰੇਬਾਜ਼ੀ ਕਰਦੇ ਰਹੇ।ਤਸਵੀਰਾਂ ਵਿੱਚ ਵਿਦਿਆਰਥੀ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ ਦੀ ਚਾਰਦੀਵਾਰੀ ਨੇੜੇ ਪ੍ਰਦਰਸ਼ਨ ਕਰਦੇ ਤੇ ਰਾਸ਼ਟਰਪਤੀ ਗੋਟਾਬਾਯਾ ਰਾਜਪਕਸ਼ੇ ਤੇ ਪ੍ਰਧਾਨ ਮੰਤਰੀ ਮਹਿੰਦਾ ਰਾਜਪਕਸ਼ੇ ਦੇ ਅਸਤੀਫੇ ਦੀ ਮੰਗ ਕਰ ਰਹੇ ਸਨ।



# ਬੇਟੀ ਬਣਾ ਕੇ ਨੂੰਹ ਦੀ ਡੋਲੀ ਤੋਰੀ

ਬਰਠੀਂ, 24 ਅਪ੍ਰੈਲ (ਪੋਸਟ ਬਿਊਰੋ)- ਆਪਣੀ ਨੂੰਹ ਨੂੰ ਬੇਟੀ ਵਾਂਗ ਸੱਤ ਫੇਰੇ ਦਿਵਾ ਕੇ ਡੋਲੀ ਤੋਰਨ ਵਾਲੇ ਸੱਸ-ਸਹੁਰੇ ਨੇ ਸਮਾਜ ਵਿੱਚ ਨਵੀਂ ਮਿਸਾਲ ਕਾਇਮ ਕੀਤੀ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।

ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਦੇ ਬਰਠੀਂ ਇਲਾਕੇ ਦੀ ਗ੍ਰਾਮ ਪੰਚ-ਾਇਤ ਕੋਟਲੂ ਬ੍ਰਾਹਮਣਾ ਦੇ ਡੂਨ ਪਿੰਡ ਵਿੱਚ ਕਰੀਬ ਦਸ ਸਾਲ ਪਹਿਲਾਂ ਨਾਰ-ਾਇਣ ਦਾਸ ਤੇ ਉਸ ਦੀ ਪਤਨੀ ਗੋਦਾ ਦੇਵੀ ਨੇ ਆਪਣੇ ਵੱਡੇ ਬੇਟੇ ਅਨਿਲ ਕੁਮਾਰ ਦਾ ਵਿਆਹ ਘੁਮਾਰਵੀਂ ਦੇ ਨਾਲ ਲੱਗਦੇ ਕੱਲਰੀ ਪਿੰਡ ਦੀ ਵੀਣਾ ਨਾਲ ਕੀਤਾ ਸੀ। ਕਰੀਬ ਪੰਜ ਸਾਲ ਪਹਿਲਾਂ ਅਨਿਲ ਕੁਮਾਰ ਦੀ ਗਲੇ ਦੇ ਕੈਂਸਰ ਕਾਰਨ ਮੌਤ ਹੋ ਗਈ। ਇਸ ਦੇ ਬਾਅਦ ਸਹੁਰੇ ਨਾਰਾਇਣ ਦਾਸ ਤੇ ਸੱਸ ਗੋਦਾ ਦੇਵੀ ਨੇ ਵੀਣਾ ਨੂੰ ਆਪਣੀ ਧੀ ਵਾਂਗ ਰੱਖਿਆ। ਵੀਣਾ ਨੇ ਡਬਲ ਐਮ ਏ ਦੀ ਪੜ੍ਹਾਈ ਕੀਤੀ ਹੋਈ ਹੈ ਅਤੇ ਉਸ ਨੂੰ ਉਨ੍ਹਾਂ ਨੇ ਕੰਪਿਊਟਰ ਕੋਰਸ ਵੀ ਕਰਵ-ਾਇਆ। ਕੁਝ ਮਹੀਨੇ ਪਹਿਲਾਂ ਨੂੰਹ ਵੀਣਾ ਲਈ ਵਿਆਹ ਦਾ ਰਿਸ਼ਤਾ ਆਇਆ ਤਾਂ ਉਨ੍ਹਾਂ ਨੇ ਵੀਣਾ ਨਾਲ ਗੱਲ ਕੀਤੀਅਤੇ ਉਸ ਨੂੰ ਸਮਝਾ ਕੇ ਇਸ ਦੇ ਲਈ ਤਿਆਰ ਕੀਤਾ। ਦੋਵਾਂ ਪਰਵਾਰਾਂ ਦੀ ਸਹਿਮਤੀ ਨਾਲ ਕੱਲ੍ਹ ਵਿਆਹ ਹੋ ਗਿਆ। ਇਸ ਦੌਰਾਨ ਸੱਸ-ਸਹੁਰੇ ਨੇ ਵੀਣਾ ਨੂੰ ਧੀ ਵਾਂਗ ਘਰੋਂ ਵਿਦਿਆ ਕੀਤਾ। ਵਿਦਾਈ ਦੇ ਸਮੇਂ ਸੱਸ ਤੇ ਸਹੁਰਾ ਨਹੀਂ, ਬਲਕਿ ਪਿੰਡ ਦੀਆਂ ਔਰਤਾਂ ਨੇ ਵੀ ਨਮ ਅੱਖਾਂ ਨਾਲ ਉਸ ਨੂੰ ਵਿਦਾਈ ਤੇ ਅਸ਼ੀਰਵਾਦ ਦਿੱਤਾ।

# ਸਿੱਖਿਆ ਵਿਭਾਗ ਨੇ ਟੀਚਰ ਦੀ ਪੈਨਸ਼ਨ 26 ਸਾਲ ਰੋਕੀ ਰੱਖੀ

## * ਅਦਾਲਤ ਵੱਲੋਂ ਵਿਭਾਗ ਦਾ ਬੁੱਕ ਡਿੱਪੂ ਨਿਲਾਮ ਕਰਨ ਦੇ ਹੁਕਮ

ਜਲੰਧਰ, 24 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਿੱਖਿਆ ਵਿਭਾਗ ਨੇ ਇੱਕ ਸੇਵਾਮੁਕਤ ਅਧਿਆਪਕ ਦੀ ਪੈਨਸ਼ਨ 26 ਸਾਲ ਰੋਕੀ ਰੱਖੀ। ਇਸ ਬਾਰੇ ਅਦਾਲਤ ਨੇ ਫ਼ੈਸਲਾ ਦੇਂਦਿਆਂ 82 ਸਾਲਾ ਹਰਜਿੰਦਰ ਸਿੰਘ ਨੂੰ ਪੈਨਸ਼ਨ ਦੀ ਰਕਮ ਦੇਣ ਲਈ ਸਿੱਖਿਆ ਵਿਭਾਗ ਦਾ ਨਹਿਰੂ ਗਾਰਡਨ ਰੋਡ ਜਲੰਧਰ ਵਾਲਾ ਬੁੱਕ ਡਿੱਪੂ ਨਿਲਾਮ ਕਰਨ ਦੇ ਹੁਕਮ ਦਿੱਤੇ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 26 ਅਪ੍ਰੈਲ ਨੂੰ ਹੋਵੇਗੀ।

ਮਿਲੀ ਜਾਣਕਾਰੀ ਅਨੁਸਾਰ ਹਰਜਿੰਦਰ ਸਿੰਘ ਦੀ ਪੈਨਸ਼ਨ ਦੀ ਮੂਲ ਰਕਮ 10 ਲੱਖ 39 ਹਜ਼ਾਰ ਰੁਪਏ ਸਿੱਖਿਆ ਵਿਭਾਗ ਵੱਲ ਬਕਾਇਆ ਹੈ। ਵਿਭਾਗ ਉਸ ਨੂੰ ਪੈਨਸ਼ਨ ਦੇਣਤੋਂ ਲਗਾਤਾਰ ਟਾਲਦਾ ਰਿਹਾ ਸੀ। ਅਦਾਲਤ ਨੇ ਪਹਿਲਾਂ ਵੀ 2021 ਵਿੱਚ ਵਿਭਾਗ ਤੋਂ ਪੈਸੇ ਦੀ ਰਿਕਵਰੀ ਲਈ ਜ਼ਿਲ੍ਹਾ ਸਿੱਖਿਆ ਦਫ਼ਤਰ ਦੀ ਇਮਾਰਤ ਨੂੰ ਨਿਲਾਮ ਕਰਨ ਦੇ ਹੁਕਮ ਦਿੱਤੇ ਸਨ, ਪਰ ਉਹ ਇਮਾਰਤ ਕਿਰਾਏਦੀ ਹੋਣ ਕਾਰਨ ਹੁਕਮ ਉੱਤੇ ਅਮਲ ਨਹੀਂ ਸੀ ਹੋ ਸਕਿਆ। ਅਦਾਲਤ ਨੇ ਚਾਰ ਮਹੀਨੇ ਪਿੱਛੋਂ ਸਿੱਖਿਆ ਵਿਭਾਗ ਦੀ ਆਪਣੀ ਜਾਇਦਾਦ ਇਸ ਕੇਸ ਵਿੱਚ ਅਟੈਚ ਕੀਤੀ ਹੈ। ਹਰਜਿੰਦਰ ਸਿੰਘ ਨੇ ਦੱਸਿਆ ਕਿ ਉਹ 31 ਜਨਵਰੀ 1996 ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁੰਮਟਾਲਾ ਤੋਂ ਸੇਵਾਮੁਕਤ ਹੋਇਆ ਸੀ। ਨਿਯਮਾਂ ਮੁਤਾਬਕ ਉਦੋਂ ਤੋਂ ਉਸ ਨੂੰ ਪੈਨਸ਼ਨ ਸ਼ੁਰੂ ਹੋਣੀ ਸੀ, ਪਰ ਵਿਭਾਗ ਨੇ ਸ਼ੁਰੂ ਨਹੀਂ ਕੀਤੀ।ਅੱਕ ਕੇ ਉਸ ਨੇ ਅਦਾਲਤ ਦਾ ਸਹਾਰਾ ਲਿਆ ਤਾਂ 13 ਅਗਸਤ 1997 ਨੂੰ ਅਦਾਲਤ ਨੇ ਉਸ ਦੀ ਪੈਨਸ਼ਨ ਦੇ ਨਾਲ ਸੇਵਾਮੁਕਤੀ ਦੇ ਸਾਰੇ ਲਾਭ ਦੇਣ ਦੇ ਹੁਕਮ ਦਿੱਤੇ ਸਨ। ਸਿੱਖਿਆ ਵਿਭਾਗ ਨੇ ਹਰਜਿੰਦਰ ਸਿੰਘ ਦੇ ਹੱਕ ਵਿੱਚ ਆਏ ਹੋਏਇਸ ਫ਼ੈਸਲੇ ਨੂੰ ਚੁਣੌਤੀ ਦੇ ਦਿੱਤੀ, ਜਿਹੜੀ 6 ਅਗਸਤ 2001 ਨੂੰ ਰੱਦ ਹੋ ਗਈ। ਸਿੱਖਿਆ ਵਿਭਾਗ ਨੇ ਆਪਣਾ ਹੀ ਹਿਸਾਬ ਲਾਉਂਦਿਆਂ ਹਰਜਿੰਦਰ ਸਿੰਘ ਨੂੰ ਕੁਝ ਰਕਮ ਦੇ ਕੇ ਕਹਿ ਦਿੱਤਾ ਕਿ ਉਸ ਨੂੰ ਬਣਦੇ ਪੈਸੇ ਦੇ ਦਿੱਤੇ ਹਨ। ਅਦਾਲਤ ਨੇ ਇਸ ਨੂੰ ਨਹੀਂ ਮੰਨਿਆ ਤੇ ਆਖਰ ਇਸ ਵਾਰੀ ਵਿਭਾਗ ਦੀ ਬਿਲਡਿੰਗ ਅਟੈਚ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।

# ਅੱਜ ਤੋਂ ਮਹਾਂਮਾਰੀ ਸਬੰਧੀ ਬਾਰਡਰ ਨਿਯਮਾਂ ਵਿੱਚ ਦਿੱਤੀ ਜਾਵੇਗੀ ਹੋਰ ਢਿੱਲ, ਟਰੈਵਲ ਲਈ ਮਾਸਕ ਅਜੇ ਵੀ ਰਹਿਣਗੇ ਜ਼ਰੂਰੀ



ਪੰਨਾ 1 ਦਾ ਬਾਕੀ

ਵੀ ਕਰਵਾਉਣੇ ਹੋਣਗੇ। ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਐਂਟਰੀ ਉੱਤੇ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਦਿਖਾਉਣ ਦੀ ਲੋੜ ਨਹੀਂ ਹੋਵੇਗੀ।

ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਨੂੰ 14 ਦਿਨਾਂ ਲਈ ਮਾਸਕ ਪਾਉਣ, ਕਾਂਟੈਕਟਸ ਦੀ ਲਿਸਟ ਰੱਖਣ ਜਾਂ ਕੋਵਿਡ-19 ਲੱਛਣਾਂ ਦੀ ਰਿਪੋਰਟ ਰੱਖਣ ਦੀ ਲੋੜ ਨਹੀਂ ਹੋਵੇਗੀ। ਏਅਰਪੋਰਟਸ ਟਰੈਵਲਰਜ਼ ਦਾ ਕੋਵਿਡ-19 ਟੈਸਟ ਕਰ ਸਕਦੇ ਹਨ ਪਰ ਸਾਰਾ ਧਿਆਨ ਚਾਰ ਮੁੱਖ ਕੈਨੇਡੀਅਨ ਏਅਰਪੋਰਟਸ ਵੈਨਕੂਵਰ, ਕੈਲਗਰੀ, ਟੋਰਾਂਟੋ ਤੇ ਮਾਂਟਰੀਅਲ ਉੱਤੇ ਕੇਂਦਰਿਤ ਰਹੇਗਾ। ਇੱਕ ਮਾਪਦੰਡ ਜਿਸ ਨੂੰ ਬਦ-ਲਿਆ ਨਹੀਂ ਜਾ ਰਿਹਾ ਉਹ ਇਹ ਹੈ ਕਿ ਕਿਸੇ ਵੀ ਤਰ੍ਹਾਂ ਦੇ ਵੈਕਸੀਨੇਸ਼ਨ ਸਟੇਟਸ ਦੇ ਬਾਵਜੂਦ ਸਾਰੇ ਪੈਸੈਂਜਰਜ਼ ਨੂੰ ਮਾਸਕ ਪਾ ਕੇ ਰੱਖਣੇ ਹੋਣਗੇ।

ਸਾਰੇ ਟਰੈਵਲਰਜ਼ ਨੂੰ ਕੈਨੇਡਾ ਪਹੁੰਚਣ ਤੋਂ 72 ਘੰਟਿਆਂ ਦੇ ਅੰਦਰ ਅੰਦਰ ਜਾਂ ਜਹਾਜ਼ ਚੜ੍ਹਨ ਜਾਂ ਕਰੂਜ਼ ਸ਼ਿੱਪ ਉੱਤੇ ਚੜ੍ਹਨ ਤੋਂ ਪਹਿਲਾਂ ਆਪਣੀ ਟਰੈਵਲ ਸਬੰਧੀ ਸਾਰੀ ਜਾਣਕਾਰੀ ਐਰਾਈਵਕੈਨ ਐਪ ਉੱਤੇ ਭਰਨੀ ਹੋਵੇਗੀ।ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼, ਜਿਹੜੇ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹਨ, ਨੂੰ ਪੂਰੀ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਵਾਲੀਆਂ ਛੋਟਾਂ ਨਹੀਂ ਮਿਲਣਗੀਆਂ, ਉਨ੍ਹਾਂ ਨੂੰ ਪਬਲਿਕ ਹੈਲਥ ਵੱਲੋਂ ਕੀਤੇ ਜਾਣ ਵਾਲੇ ਸਵਾਲ ਜਵਾਬ ਲਈ ਬਾਰਡਰ ਉੱਤੇ ਦੇਰ ਲੱਗ ਸਕਦੀ ਹੈ ਤੇ ਉਨ੍ਹਾਂ ਨੂੰ ਜੁਰਮਾਨੇ ਦੇ ਨਾਲ ਨਾਲ ਹੋਰ ਤਰ੍ਹਾਂ ਦੀ ਕਾਰਵਾਈ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

# ਮੰਗੇਤਰ ਦਾ ਕਤਲ ਕਰਨ ਮਗਰੋਂ ਨੌਜਵਾਨ ਵੱਲੋਂ ਖੁਦਕੁਸ਼ੀ

ਸਮਰਾਲਾ, 24 ਅਪ੍ਰੈਲ (ਪੋਸਟ ਬਿਊਰੋ)- ਪਿੰਡ ਕੋਟਲਾ ਭੜੀ ਵਿੱਚ ਇੱਕ ਨੌਜਵਾਨ ਨੇ ਗੋਲੀ ਮਾਰ ਕੇ ਆਪਣੀ ਮੰਗੇਤਰ ਦਾ ਕਤਲ ਕਰ ਦਿੱਤਾ ਅਤੇ ਜਦੋਂ ਲੋਕਾਂ ਨੇ ਉਸ ਨੌਜਵਾਨ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਖ਼ੁਦ ਨੂੰ ਵੀ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਇਸ ਬਾਰੇ ਪੁਲਸ ਕਾਰਵਾਈ ਕਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਕੋਟਲਾ ਭੜੀ ਵਿੱਚ ਇੱਟਾਂ ਦੇ ਭੱਠੇ ਉੱਤੇ ਕੰਮ ਕਰਦੇ ਓਮ ਸਿੰਘ ਦੀ ਲੜਕੀ ਮਨੀਸ਼ਾ (22) ਦੀ ਲੱਗਭਗ ਛੇ ਮਹੀਨੇ ਪਹਿਲਾਂ ਮੁਜ਼ੱਫਰਨਗਰ (ਉਤਰ ਪ੍ਰਦੇਸ਼) ਦੇ 24 ਸਾਲਾ ਨੌਜਵਾਨ ਅਜੀਤ ਕੁਮਾਰ ਉਰਫ਼ ਸੰਨੀ ਨਾਲ ਮੰਗਣੀ ਹੋਈ ਸੀ। ਕੱਲ੍ਹ ਅਚਾਨਕ ਅਜੀਤ ਕੁਮਾਰ ਆਪਣੀ ਮੰਗੇਤਰ ਨੂੰ ਮਿਲਣ ਉਸਦੇ ਘਰ ਪਹੁੰਚ ਗਿਆ। ਲੜਕੀ ਦਾ ਪਿਤਾ ਓਮ ਸਿੰਘ ਕੁਝ ਸਾਮਾਨ ਲਿਆਉਣ ਬਾਹਰ ਚਲਾ ਗਿਆ। ਸੰਨੀ ਨੇ ਲੜਕੀ ਦੀ ਮਾਂ ਨੂੰ ਵੀ ਕਿਸੇ ਬਹਾਨੇ ਬਾਹਰ ਭੇਜ ਦਿੱਤਾ ਤੇ ਫਿਰ ਮਨੀਸ਼ਾ ਦੇ ਸਿਰ ਵਿੱਚ ਗੋਲੀ ਮਾਰ ਦਿੱਤੀ। ਲੋਕਾਂ ਵੱਲੋਂ ਰੌਲਾ ਪਾਉਣ ਉੱਤੇਦੋਸ਼ੀ ਨੇ ਖੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਸੂਤਰਾਂ ਅਨੁਸਾਰ ਸੰਨੀ ਆਪਣੀ ਮੰਗੇਤਰ ਨੂੰ ਮਾਰਨ ਦੀ ਨੀਤ ਨਾਲ ਉੱਤਰ ਪ੍ਰਦੇਸ਼ ਤੋਂ ਦੇਸੀ ਕੱਟਾ ਲੈ ਕੇ ਏਥੇ ਆਇਆ ਸੀ। ਪੁਲਸ ਨੇ ਲੜਕੀ ਦੇ ਪਿਤਾ ਦੇ ਬਿਆਨਾਂ ਉੱਤੇ ਕੇਸ ਦਰਜ ਕਰ ਲਿਆ ਹੈ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

## ਅੱਜ ਨਾਮਾ

ਸਰਦੀ ਖਿਸਕਦੀ ਮਾਰੀ ਹੈ ਛਾਲ ਜਿੱਦਾਂ,
ਗਰਮੀ ਆਈ ਤਾਂ ਆਈ ਤੜੱਕ ਮੀਆਂ।
ਬਣਿਆ ਦੁੱਧ ਨਾ ਪੂਰਾ ਸੀ ਕਣਕ ਵਾਲਾ,
ਪਹਿਲਾਂ ਵਕਤ ਤੋਂ ਗਈ ਸੀ ਪੱਕ ਮੀਆਂ।
ਘਟਿਆ ਝਾੜ, ਕਿਸਾਨਾਂ ਦੇ ਰੰਗ ਉੱਡੇ,
ਟੁੱਟਦਾ ਲੱਗੇ ਰੋਜ਼ਗਾਰ ਦਾ ਲੱਕ ਮੀਆਂ।
ਰਗੜਿਆ ਗਿਆ ਈ ਖੇਤ ਮਜ਼ਦੂਰ ਨਾਲੇ,
ਇਹਦੇ ਵਿੱਚ ਵੀ ਰਤਾ ਨਹੀਂ ਸ਼ੱਕ ਮੀਆਂ।
ਮੰਗਿਆ ਬੋਨਸ ਸਰਕਾਰਾਂ ਤੋਂ ਜਦੋਂ ਜਾਂਦਾ,
ਕਰਦੇ ਹੋਰ ਕੁਝ ਵਰਗ ਇਤਰਾਜ਼ ਮੀਆਂ।
ਮਾਰੀ ਕੁਦਰਤ ਸੀ ਕਿਸੇ ਨੂੰ ਮਾਰ ਜੇਕਰ,
ਸੋਚਦਾ ਇਹੀਓ ਨਾ ਬਾਤ ਸਮਾਜ ਮੀਆਂ।

**ਤੀਸ ਮਾਰ ਖਾਂ**

# ਕਣਕ ਦੇ ਸੁੰਗੜੇ ਦਾਨਿਆਂ ਬਾਰੇ ਭਗਵੰਤ ਮਾਨ ਵੱਲੋਂ ਕੇਂਦਰ ਨੂੰ ਨਿਯਮਾਂ ਵਿੱਚ ਫੌਰੀ ਢਿੱਲ ਦੀ ਅਪੀਲ

*** ਨਾਜਾਇਜ਼ ਮਾਈਨਿੰਗ ਰੋਕਣ ਲਈ ਟੋਲ ਫ੍ਰੀ ਨੰਬਰ ਜਾਰੀ**



ਚੰਡੀਗੜ੍ਹ, 24 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਣਕ ਦੇ ਸੁੰਗੜੇ ਦਾਨਿਆਂ ਦੀ ਖਰੀਦ ਬਾਰੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਕਣਕ ਦਾ ਪੰਜਾਬ ਵਿੱਚ ਰੇਟ ਘਟਾਏ ਬਿਨਾਂ ਕਣਕ ਦੀ ਖਰੀਦ ਵਿੱਚ ਸੁੰਗੜੇ ਦਾਨਿਆਂ ਲਈ ਤੈਅ ਕੀਤੇ ਨਿਯਮਾਂਦੀ ਢਿੱਲ ਦਿੱਤੀ ਜਾਵੇ, ਤਾਂ ਕਿ ਕਿਸਾਨਾਂ ਦੀ ਆਮਦਨ ਬਚਾਈ ਜਾ ਸਕੇ, ਜੋ ਪਹਿਲਾਂ ਹੀ ਕਣਕ ਦੀ ਘੱਟ ਪੈਦਾਵਾਰ ਤੇ ਵੱਡੇ ਖੇਤੀ ਕਰਜ਼ੇ ਦੀ ਮਾਰ ਝੱਲ ਰਹੇ ਹਨ। ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਏਥੇ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਕੇਂਦਰੀ ਖ਼ੁਰਾਕ ਮੰਤਰੀ ਪਿਊਸ਼ ਗੋਇਲ ਨਾਲ ਗੱਲ ਕਰ ਕੇ ਬੇਨਤੀ ਕੀਤੀ ਹੈ ਕਿ ਉਹ ਭਾਰਤ ਸਰਕਾਰ ਵੱਲੋਂ ਤਾਇਨਾਤ ਟੀਮਾਂ ਵੱਲੋਂ ਇਕੱਠੇ ਕੀਤੇ ਫੀਲਡ ਡਾਟਾ ਦੇ ਮੁਤਾਬਕ ਢਿੱਲ ਦੇਣ ਦੀ ਆਗਿਆ ਦੇਣ। ਇਸ ਦੇ ਨਾਲ ਕੇਂਦਰੀ ਮੰਤਰੀ ਨੂੰ ਪੱਤਰ ਲਿਖ ਕੇ ਉਨ੍ਹਾਂ ਨੇ ਇਸ ਸਮੱਸਿਆ ਦੇ ਹੱਲ ਲਈ ਬੇਨਤੀ ਕੀਤੀ ਹੈ।ਮੁੱਖ ਮੰਤਰੀ ਨੇ ਚਿੰਤਾ ਜ਼ਾਹਿਰ ਕੀਤੀ ਹੈ ਕਿ ਜਨਤਕ ਵੰਡ ਮੰਤਰਾਲੇ ਦੀਆਂ ਕੇਂਦਰੀ ਟੀਮਾਂ ਵੱਲੋਂ ਕਣਕ ਦੇ ਦਾਨਿਆਂ ਦੇ ਸੁੰਗੜਨ ਬਾਰੇ ਤੱਥਾਂ ਨੂੰ ਪੇਸ਼ ਕਰਦੀ ਰਿਪੋਰਟ ਮੰਤਰਾਲੇ ਨੂੰ ਸੌਂਪੀ ਨੂੰ ਇੱਕ ਹਫ਼ਤੇ ਤੋਂ ਵੱਧ ਬੀਤ ਚੁੱਕਾ ਹੈ, ਪਰ ਹਾਲੇ ਕੇਂਦਰ ਸਰਕਾਰ ਨੇ ਇਸ ਦਾ ਕੋਈ ਫ਼ੈਸਲਾ ਨਹੀਂ ਲਿਆ।ਉਨ੍ਹਾ ਜ਼ੋਰ ਦੇ ਕੇ ਕਿਹਾ ਕਿ ਕਿਸਾਨੀ ਮੁੱਦਿਆਂ ਨੂੰ ਪਹਿਲ ਦੇ ਆਧਾਰ ਉੱਤੇ ਹੱਲ ਕਰਨ ਦੀ ਲੋੜ ਹੈ ਅਤੇ ਦੇਰੀ ਨਾਲ ਖਰੀਦ ਕਾਰਜ ਪ੍ਰਭਾਵਿਤ ਹੋਏ ਤਾਂ ਕਿਸਾਨ ਪ੍ਰਭਾਵਤ ਹੋ ਸਕਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦਾ ਦਾਣਾ-ਦਾਣਾ ਖਰੀਦਣ ਨੂੰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅਨਾਜ ਦੇ ਸੁੰਗੜਨ ਲਈ ਕਿਸਾਨਾਂ ਨੂੰ ਦੋਸ਼ ਦੇਣਾ ਤੇ ਜੁਰਮਾਨਾ ਲਾਉਣਾ ਬੇਇਨਸਾਫ਼ੀ ਹੈ, ਕਿਉਂਕਿ ਇਹ ਕੁਦਰਤੀ ਵਰਤਾਰਾ ਹੈ, ਕਿਸਾਨ ਦੇ ਹੱਥ-ਵੱਸ ਕੁਝ ਨਹੀਂ। ਕੁਝ ਮੰਡੀਆਂ ਵਿੱਚ ਹੋ ਰਹੀ ਔਖਮੁੱਖ ਮੰਤਰੀ ਨੇ ਕਿਹਾ ਕਿ ਇਹ ਅਸਲ ਵਿੱਚ ਨਿਯਮਾਂਦੀ ਢਿੱਲ ਨਾ ਹੋਣ ਕਾਰਨ ਐੱਫ ਸੀ ਆਈ (ਭਾਰਤੀ ਖ਼ੁਰਾਕ ਕਾਰਪੋਰੇਸ਼ਨ)ਵੱਲੋਂ ਮੰਡੀਆਂ ਦੀ ਸੁੰਗੜੀ ਹੋਈ ਕਣਕ ਨੂੰ ਨਾ ਖਰੀਦਣ ਕਰਕੇ ਹੈਕਿ ਮੰਡੀਆਂ ਦਿੱਕਤ ਆ ਰਹੀ ਹੈ ਅਤੇ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਮੁਸ਼ਕਿਲਾਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ।ਵਰਨਣ ਯੋਗ ਹੈ ਕਿ ਗਰਮੀ ਦੇਅਗੇਤੀਆ ਜਾਣ ਕਾਰਨ ਕਣਕ ਦਾ ਦਾਣਾ ਪੂਰਾ ਵਿਕਸਿਤ ਨਹੀਂ ਹੋ ਸਕਿਆਅਤੇਸੁੱਕ ਗਿਆ ਸੀ ਤੇ ਇਸੇ ਲਈ ਪੰਜਾਬ ਸਰਕਾਰ ਨੇ ਖਰੀਦ ਸਬੰਧੀ ਨਿਯਮਾਂ ਵਿੱਚ ਢਿੱਲ ਦੀ ਮੰਗ ਕੀਤੀ ਹੈ ਤਾਂ ਜੋ ਕਣਕ ਦੀ ਖਰੀਦ ਕਰਕੇ ਕੇਂਦਰੀ ਪੂਲ ਵਿੱਚ ਯੋਗਦਾਨ ਪਾਇਆ ਜਾ ਸਕੇ।

ਇਸ ਦੌਰਾਨ ਅੱਜ ਪੰਜਾਬ ਸਰਕਾਰ ਨੇ ਨਾਜਾਇਜ਼ ਮਾਈਨਿੰਗ ਰੋਕਣ ਲਈ ਇੱਕ ਵਿਸ਼ੇਸ਼ ਟੋਲ ਫ੍ਰੀ ਨੰਬਰ 1800 180 2422 ਜਾਰੀ ਕਰ ਕੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜਿਸ ਕਿਸੇ ਨੂੰ ਖਾਣ ਅਤੇ ਮਾਈਨਿੰਗ ਵਿਭਾਗ ਨਾਲ ਸਬੰਧਿਤ ਕੋਈ ਸ਼ਿਕਾਇਤ ਹੈ, ਉਹ ਇਸ ਨੰਬਰਉੱਤੇ ਸ਼ਿਕਾਇਤ ਭੇਜ ਜਾਂ ਦੱਸ ਸਕਦਾ ਹੈ। ਪੰਜਾਬ ਵਿੱਚ ਨਵੀਂ ਸਰਕਾਰ ਬਣਨ ਪਿੱਛੋਂ ਭ੍ਰਿਸ਼ਟਾਚਾਰ ਵਿਰੁੱਧ ਵੀਰਾਜ ਸਰਕਾਰ ਨੰਬਰ ਜਾਰੀ ਕਰ ਚੁੱਕੀ ਹੈ। ਆਮ ਆਦਮੀ ਪਾਰਟੀ ਦੇ ਬੁਲਾਰੇ ਜੈ ਕ੍ਰਿਸ਼ਨ ਸਿੰਘ ਰੋੜੀ ਵਿਧਾਇਕ ਗੜ੍ਹਸ਼ੰਕਰ ਨੇ ਦੱਸਿਆ ਕਿ ਇਹ ਨੰਬਰ ਜਾਰੀ ਹੋਣ ਨਾਲ ਮਾਈਨਿੰਗ ਮਾਫ਼ੀਆ ਨੂੰ ਨੱਥ ਪਵੇਗੀ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਬਹੁਤ ਈਮਾਨਦਾਰ ਆਈ ਏ ਐੱਸ ਅਫਸਰ ਕ੍ਰਿਸ਼ਨ ਕੁਮਾਰ ਨੂੰ ਉਸ ਵਿਭਾਗ ਦੇ ਸੈਕਟਰੀ ਲਾਇਆ ਹੈ, ਜਿਸ ਨਾਲ ਮਾਫ਼ੀਆ ਅਤੇ ਭ੍ਰਿਸ਼ਟਾਚਾਰ ਅਧਿਕਾਰੀ ਘਬਰਾਹਟ ਵਿੱਚ ਹਨ।

# ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਦੇ ਕੇਸ ਵਿੱਚ ਸ਼ਾਰਪ ਸ਼ੂਟਰ ਦਿੱਲੀ ਤੋਂ ਗ੍ਰਿਫ਼ਤਾਰ



ਜਲੰਧਰ, 24 ਅਪਰੈਲ, (ਪੋਸਟ ਬਿਊਰੋ)- ਨਕੋਦਰ ਦੇ ਪਿੰਡ ਮੱਲ੍ਹੀਆਂ ਖੁਰਦ ਵਿੱਚ ਕਬੱਡੀ ਟੂਰਨਾਮੈਂਟ ਮੌਕੇ ਖਿਡਾਰੀ ਸੰਦੀਪ ਨੰਗਲ ਅੰਬੀਆਂ ਉੱਤੇ ਗੋਲੀ ਚਲਾਉਣ ਦੇ ਦੋਸ਼ ਵਿੱਚ ਵਾਂਟਿਡ ਕੌਸ਼ਲ ਗਿਰੋਹ ਦੇ ਸ਼ਾਰਪ ਸ਼ੂਟਰ ਵਿਕਾਸ ਦਹੀਆ ਉਰਫ ਮਾਹਲਾ ਨੂੰ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਚਾਰ ਦਿਨਾਂ ਦੇ ਟਰੈਪ ਪਿੱਛੋਂ ਗ੍ਰਿਫ਼ਤਾਰ ਕਰ ਲਿਆ ਹੈ। ਉਸ ਉੱਤੇ ਵੱਖ-ਵੱਖ ਥਾਣਿਆਂ ਵਿੱਚ ਕਤਲ ਤੇ ਇਰਾਦਾ ਕਤਲ ਸਮੇਤ 11 ਅਪਰਾਧਿਕ ਕੇਸ ਦਰਜ ਹਨ।

ਪੁਲਿਸ ਦੇ ਮੁਤਾਬਕ 2019 ਤੋਂ ਅੱਜ ਤਕ ਵਿਕਾਸ ਮਾਹਲਾ ਸੱਤ ਕਤਲ ਕਰ ਚੁੱਕਾ ਹੈ। ਦਿੱਲੀ ਪੁਲਿਸ ਨੇ ਉੱਤਰ ਪ੍ਰਦੇਸ਼, ਹਰਿਆਣਾ ਤੇ ਪੰਜਾਬ ਵਿੱਚ ਵਾਂਟਿਡ ਗੈਂਗਸਟਰ ਵਿਕਾਸਦਾ 50,000 ਰੁਪਏ ਇਨਾਮ ਰੱਖਿਆਸੀ। ਇਸ ਬਾਰੇ ਦਿੱਲੀ ਪੁਲਿਸ ਨੇ ਦੱਸਿਆ ਕਿ ਉਹ ਲੱਕੀ ਪਟਿਆਲ, ਬੰਬੀਹਾ ਤੇ ਕੌਸ਼ਲ ਦੇ ਗੈਂਗ ਦਾ ਮੁੱਖਕਾਰਿੰਦਾ ਸੀ। ਦਿੱਲੀ ਪੁਲਿਸ ਕਈ ਚਿਰਾਂ ਤੋਂ ਉਸ ਨੂੰ ਲੱਭ ਰਹੀ ਸੀ ਅਤੇ ਉਸ ਦੇ ਕਈ ਸਾਥੀ ਫੜੇ ਗਏ ਸਨ। ਸਪੈਸ਼ਲ ਸੈੱਲ ਦੀ ਡਿਪਟੀ ਕਮਿਸ਼ਨਰ ਪੁਲਸ ਮਨੀਸ਼ੀ ਚੰਦਰਾ ਨੇ ਦੱਸਿਆ ਕਿ ਏਸੀਪੀ ਰਾਹੁਲ ਵਿਕਰਮ ਦੀ ਨਿਗਰਾਨੀ ਵਿੱਚ ਇੰਸਪੈਕਟਰ ਵਿਕਰਮਦੀ ਟੀਮ ਨੇ ਸ਼ਨਿਚਰਵਾਰ ਨੂੰ ਡੀਐੱਨਡੀ ਫਲਾਈਓਵਰ ਤੋਂ ਵਿਕਾਸ ਮਾਹਲਾ ਨੂੰ ਗ੍ਰਿਫਤਾਰ ਕੀਤਾ ਹੈ। ਉਸ ਕੋਲੋਂ ਪਿਸਤੌਲ ਅਤੇ ਕਾਰਤੂਸ ਮਿਲੇ ਹਨ।ਉਹ ਹਰਿਆਣਾ ਦੇ ਗੁਰੂਗ੍ਰਾਮ ਜ਼ਿਲ੍ਹੇ ਦੇ ਧਨਵਾਪੁਰ ਦਾ ਰਹਿਣ ਵਾਲਾ ਹੈ।

ਜਲੰਧਰਦੇ ਸਾਬਕਾ ਕੌਂਸਲਰ ਡਿਪਟੀ, ਸੋਢਲ ਰੋਡ ਦੇ ਕਾਰੋਬਾਰੀ ਟਿੰਕੂ ਤੇ ਸੰਦੀਪ ਨੰਗਲ ਅੰਬੀਆਂ ਕਤਲ ਕੇਸ ਵਿੱਚ ਵਿਕਾਸ ਮਾਹਲਾ ਦਾ ਨਾਂ ਆਇਆ ਸੀ।ਜਲੰਧਰ ਪੁਲਿਸ ਉਸ ਨੂੰ ਪ੍ਰੋਡਕਸ਼ਨ ਵਾਰੰਟ ਉੱਤੇਲਿਆਏਗੀ। ਮਾਹਲਾ ਦੀ ਗ੍ਰਿਫਤਾਰੀ ਬਾਰੇ ਦਿੱਲੀ ਪੁਲਿਸ ਨੇ ਜਲੰਧਰ ਦੀ ਸ਼ਹਿਰੀਤੇ ਦਿਹਾਤੀ ਪੁਲਿਸ ਨਾਲ ਨੂੰਦੱਸਿਆ ਸੀ। ਇਸ ਪਿੱਛੋਂ ਜਲੰਧਰ ਦੇ ਐੱਸਐੱਸਪੀ ਸਵਪਨ ਸ਼ਰਮਾ ਨੇ ਆਪਣੇ ਫੇਸਬੁੱਕ ਪੇਜ ਉੱਤੇਉਸ ਦੀ ਗ੍ਰਿਫ਼ਤਾਰੀ ਬਾਰੇ ਦੱਸਿਆ ਕਿ ਦਿੱਲੀ ਪੁਲਿਸ ਦੇ ਸਾਂਝੇ ਆਪ੍ਰੇਸ਼ਨ ਵਿੱਚ ਉਸ ਨੂੰ ਫੜਿਆ ਹੈ।ਵਿਕਾਸ ਮਾਹਲਾ ਦੇ ਜੁਰਮਾਂ ਦੀ ਲਿਸਟ ਮੁਤਾਬਕ ਉਸ ਨੇ ਜੂਨ 2019 ਵਿਚ ਹਰਿਆਣਾ ਕਾਂਗਰਸ ਦੇ ਨੇਤਾ ਵਿਕਾਸ ਚੌਧਰੀ ਦਾ ਦਿਨ-ਦੀਵੀਂਕਤਲ ਕੀਤਾਸੀ ਅਤੇ ਮਈ 2020 ਵਿਚ ਵਿਕਾਸ ਦੁਰੇਜਾ ਉਰਫ ਅੰਦਾ ਨਾਮ ਦੇ ਵਿਅਕਤੀ ਦੀ ਗੁਰੂਗ੍ਰਾਮ ਵਿੱਚ ਚਿੱਟੇ ਦਿਨ ਹੱਤਿਆ ਕੀਤੀ ਸੀ।ਜੂਨ 2021 ਵਿਚ ਉਸ ਨੇ ਬੁਲੰਦ ਸ਼ਹਿਰ ਉੱਤਰ ਪ੍ਰਦੇਸ਼ ਵਿਚ ਸੰਜੇ ਪ੍ਰਧਾਨ ਦਾ ਕਤਲ ਕੀਤਾ ਅਤੇ ਜੂਨ 2021 ਵਿਚ ਜਲੰਧਰ (ਦਿਹਾਤੀ) ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਖਮੀਤ ਸਿੰਘ ਉਰਫ ਡਿਪਟੀ ਦਾ ਕਤਲ ਕੀਤਾ ਸੀ। ਜਨਵਰੀ 2022 ਵਿੱਚਬਠਿੰਡਾ ਵਿੱਚ ਉਸ ਨੇ ਦੋਹਰਾ ਕਤਲ-ਕਾਂਡ ਕੀਤਾ ਅਤੇ 14 ਮਾਰਚ ਨੂੰ ਨਕੋਦਰ ਵਿੱਚ ਸੰਦੀਪ ਨੰਗਲ ਅੰਬੀਆਂ ਦਾ ਕਤਲ ਕੀਤਾ ਸੀ।

# ਲਖੀਮਪੁਰ ਖੀਰੀ ਹਿੰਸਾ ਕੇਸ: ਸੁਪਰੀਮ ਕੋਰਟ ਵੱਲੋਂ ਜ਼ਮਾਨਤ ਰੱਦ ਹੋਣ ਪਿੱਛੋਂ ਆਸ਼ੀਸ਼ ਮਿਸ਼ਰਾ ਵੱਲੋਂ ਆਤਮ ਸਮੱਰਪਣ



ਲਖੀਮਪੁਰ ਖੀਰੀ, 24 ਅਪਰੈਲ, (ਪੋਸਟ ਬਿਊਰੋ)- ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿੱਚ ਹੋਈ ਹਿੰਸਾ ਵਿੱਚ ਚਾਰ ਕਿਸਾਨਾਂ ਸਮੇਤ ਅੱਠ ਲੋਕਾਂ ਦੀ ਮੌਤ ਦੇ ਕੇਸ ਵਿੱਚ ਭਾਰਤ ਦੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਮੋਨੂੰ ਨੂੰ ਕੋਈ ਰਾਹਤ ਨਹੀਂ ਮਿਲੀ। ਇਲਾਹਾਬਾਦ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਮਗਰੋਂ ਸੁਪਰੀਮ ਕੋਰਟ ਨੇ ਉਸ ਦੀ ਜ਼ਮਾਨਤ ਰੱਦ ਕਰ ਕੇ ਇੱਕ ਹਫ਼ਤੇ ਵਿੱਚ ਆਤਮ ਸਮੱਰਪਣ ਕਰਨ ਵਾਸਤੇ ਕਿਹਾ ਸੀ।ਅੱਜ ਐਤਵਾਰ ਨੂੰ ਆਸ਼ੀਸ਼ ਮਿਸ਼ਰਾ ਨੇ ਆਤਮ ਸਮੱਰ-ਪਣ ਕੀਤਾ ਤਾਂ ਪੁਲਿਸ ਨੇ ਉਸ ਨੂੰ ਜੇਲ੍ਹ ਭੇਜ ਦਿੱਤਾ ਹੈ।

ਪਤਾ ਲੱਗਾ ਹੈ ਕਿ ਆਸ਼ੀਸ਼ ਮਿਸ਼ਰਾ ਮੋਨੂੰ ਨੇ ਅੱਜ ਐਤਵਾਰ ਨੂੰ ਚੀਫ ਜੁਡੀਸ਼ਲ ਮਜਿਸਟਰੇਟ ਦੀ ਅਦਾਲਤ ਵਿੱਚ ਆਤਮ ਸਮਰਪਣ ਕੀਤਾ, ਜਿੱਥੋਂ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਉਸਵਿਰੁੱਧ 26 ਅਪਰੈਲ ਨੂੰ ਚਾਰਜਸ਼ੀਟ ਪੇਸ਼ ਕੀਤੀ ਜਾਵੇਗੀ, ਜਿਸ ਦਿਨ ਜ਼ਿਲਾ ਅਦਾਲਤ ਲਖੀਮਪੁਰ ਹਿੰਸਾ ਕੇਸ ਦੇ ਮੁੱਖ ਦੋਸ਼ੀ ਆਸ਼ੀਸ਼ ਮਿਸ਼ਰਾ ਉੱਤੇ ਦੋਸ਼ ਤੈਅ ਕਰਨ ਦੀ ਸੁਣਵਾਈ ਕਰਨ ਵਾਲੀ ਹੈ। ਅਸ਼ੀਸ਼ ਮਿਸ਼ਰਾ ਨੂੰ ਫਰਵਰੀ ਦੇ ਪਹਿਲੇ ਹਫਤੇ ਇਲਾਹਾਬਾਦ ਹਾਈ ਕੋਰਟ ਨੇ ਜ਼ਮਾਨਤ ਦੇਦਿੱਤੀ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਕੇ ਇਕ ਹਫਤੇ ਵਿੱਚ ਆਤਮ ਸਮੱਰਪਣ ਲਈਹੁਕਮਦਿੱਤਾ ਸੀ। ਇਹ ਸਮਾਂ 25 ਅਪਰੈਲ ਤੱਕ ਸੀ, ਪਰ ਉਸ ਨੇ ਇੱਕ ਦਿਨ ਪਹਿਲਾਂ ਆਤਮ ਸਮਰਪਣ ਕਰ ਦਿੱਤਾ।

# ਰਾਣਾ ਕਪੂਰ ਦਾ ਦਾਅਵਾ: ਪ੍ਰਿਅੰਕਾ ਗਾਂਧੀ ਤੋਂ 2 ਕਰੋੜ ਦੀਆਂ ਪੇਂਟਿੰਗਾਂ ਖਰੀਦਣ ਲਈ ਮਜ਼ਬੂਰ ਕੀਤਾ ਗਿਆ ਸੀ



ਨਵੀਂ ਦਿੱਲੀ, 24 ਅਪਰੈਲ, (ਪੋਸਟ ਬਿਊਰੋ)- ਯੈੱਸ ਬੈਂਕ ਦੇ ਮੋਢੀਆਂ ਵਿੱਚੋਂ ਰਾਣਾ ਕਪੂਰ ਨੇ ਈ ਡੀ(ਐਨਫੋਰਸਮੈਂਟ ਡਾਇਰੈਕਟੋਰੇਟ) ਕੋਲ ਹੈਰਾਨੀ ਵਾਲੇ ਖੁਲਾਸੇ ਕੀਤੇ ਹਨ। ਇਸ ਕੇਸ ਵਿੱਚ ਈ ਡੀ ਵੱਲੋਂ ਪੇਸ਼ ਕੀਤੀ ਗਈ ਚਾਰਜਸ਼ੀਟ ਦੇ ਅਨੁਸਾਰ ਰਾਣਾ ਕਪੂਰ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸਨੂੰ ਕਾਂਗਰਸ ਦੀ ਕੇਂਦਰੀ ਨੇਤਾ ਪ੍ਰਿਯੰਕਾ ਵਾਡਰਾ ਤੋਂ ਐਮਐਫ ਹੁਸੈਨ ਦੀਆਂ ਪੇਂਟਿੰਗਾਂ ਖਰੀਦਣ ਲਈ ਮਜਬੂਰ ਕੀਤਾ ਗਿਆ ਸੀ।

ਮਿਲੀ ਜਾਣਕਾਰੀ ਅਨੁਸਾਰ ਮੁੰਬਈ ਦੀ ਇੱਕ ਵਿਸ਼ੇਸ਼ ਅਦਾਲਤ ਵਿੱਚ ਦਾਇਰ ਦੂਸਰੀ ਸਪਲੀਮੈਂਟਰੀ ਚਾਰਜਸ਼ੀਟ ਵਿੱਚ ਰਾਣਾ ਕਪੂਰ ਨੇ ਕਿਹਾ ਕਿ ਮਰਹੂਮ ਕਾਂਗਰਸ ਆਗੂ ਮੁਰਲੀ ਦਿਓੜਾ (ਜੋ ਓਦੋਂ ਕੇਂਦਰੀ ਪੈਟਰੋਲੀਅਮ ਮੰਤਰੀ ਸਨ) ਨੇ ਉਹ ਪੇਂਟਿੰਗ 2 ਕਰੋੜ ਰੁਪਏਦੀ ਖਰੀਦਣ ਲਈ ਕਈ ਫੋਨ ਕੀਤੇ ਸਨ। ਮੁਰਲੀ ਦਿਓੜਾ ਨੇ ਕਿਹਾ ਸੀ ਕਿ ਜੇਰਾਣਾ ਕਪੂਰ ਇਹ ਪੇਂਟਿੰਗ ਖਰੀਦ ਲਵੇ ਤਾਂ ਉਨ੍ਹਾਂ ਨੂੰ ਪਦਮ ਭੂਸ਼ਣ ਐਵਾਰਡ ਮਿਲ ਸਕਦਾ ਹੈ। ਉਸ ਨੇ ਕਿਹਾ ਸੀ ਕਿ ਵਿਕਰੀ ਦੀ ਕਮਾਈ ਨਿਊਯਾਰਕ ਵਿੱਚ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਇਲਾਜ ਲਈ ਵਰਤੀ ਗਈ ਸੀ।

ਰਾਣਾ ਕਪੂਰ ਨੂੰ ਈਡੀ ਨੇ 30 ਘੰਟੇ ਦੀ ਪੁੱਛਗਿੱਛ ਤੋਂ ਬਾਅਦ 8 ਮਾਰਚ 2020 ਨੂੰ ਗ੍ਰਿਫਤਾਰ ਕੀਤਾ ਸੀ।ਇਸ ਬਾਰੇਈ ਡੀ ਨੇ ਦੋਸ਼ ਲਾਇਆ ਕਿ ਰਾਣਾ ਕਪੂਰ ਨੇ ਆਪਣੀਆਂ ਬੇਟੀਆਂ ਦੀਆਂ ਕੰਪਨੀਆਂ ਨੂੰ ਲਾਭਦੇਣ ਲਈ ਯੈੱਸ ਬੈਂਕ ਦੇ ਸੀਈਓ ਵਜੋਂ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਸੀ। ਏਜੰਸੀ ਮੁਤਾਬਕ ਯੈੱਸ ਬੈਂਕ ਨੇ 30,000 ਕਰੋੜ ਰੁਪਏ ਦਾ ਕਰਜ਼ਾ ਦਿੱਤਾ ਸੀ, ਜਿਸ ਵਿੱਚੋਂ 20,000 ਕਰੋੜ ਐਨਪੀਏ (ਨਾਨ-ਪਰਫਾਰਮਿੰਗ ਅਸੇਟਸ) ਹੋ ਗਏ। ਰਾਣਾ ਕਪੂਰ ਦੇ ਹਵਾਲੇ ਨਾਲ ਚਾਰਜਸ਼ੀਟ ਵਿੱਚਲਿਖਿਆ ਹੈ, 'ਮੁਰਲੀ ਦਿਓੜਾ ਨੇ ਪ੍ਰਿਯੰਕਾ ਵਾਡਰਾ ਤੋਂ ਪੇਂਟਿੰਗ ਖਰੀਦਣ ਲਈ ਕਈ ਮੋਬਾਈਲ ਨੰਬਰਾਂ ਤੋਂ ਮੈਨੂੰ ਕਾਲ ਤੇ ਮੈਸੇਜ ਕੀਤੇ ਸਨ। ਮੈਂ ਇਸ ਸੌਦੇ ਲਈ ਉਤਸੁਕ ਨਹੀਂ ਸੀ ਤੇ ਮੁਰਲੀ ਦੇਵੜਾ ਦੀਆਂ ਕਾਲਾਂ/ਸੁਨੇਹੇ ਨਜ਼ਰਅੰਦ-ਾਜ਼ ਕਰਨ ਦੀ ਕੋਸ਼ਿਸ਼ ਕੀਤੀ, ਪਰ ਅੰਤ ਵਿੱਚ ਮੈਨੂੰ ਇਹ ਸੌਦਾ ਆਪਣੀ ਤੇ ਆਪਣੇ ਪਰਿਵਾਰ ਦੀ ਇੱਛਾ ਦੇ ਵਿਰੁੱਧ ਕਰਨਾ ਪਿਆ, ਕਿਉਂਕਿ ਮੈਂ ਮੁਰਲੀ ਦਿਓੜਾ ਤੇ ਗਾਂਧੀ ਪਰਿਵਾਰ ਨਾਲ ਕਿਸੇ ਕਿਸਮ ਦੀ ਦੁਸ਼ਮਣੀ ਨਹੀਂ ਬਣਾਉਣਾ ਚਾਹੁੰਦਾ ਸੀ।ਰਾਣਾ ਕਪੂਰ ਨੇ ਕਿਹਾ ਕਿ ਕਾਂਗਰਸ ਨੇਤਾ ਅਹਿਮਦ ਪਟੇਲ ਨੇ ਵੀ ਪੇਂਟਿੰਗ ਖਰੀਦਣ ਲਈ ਕਿਹਾ ਅਤੇ ਦਬਾਅ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਰਾਣਾ ਕਪੂਰ ਮੁਤਾਬਕ ਖਿਝ ਕੇ ਉਸ ਨੇ 2 ਕਰੋੜ ਦਾ ਚੈੱਕ ਦਿੱਤਾ ਸੀ ਤੇ ਇਹ ਚੈੱਕ ਪ੍ਰਿਅੰਕਾ ਵਾਡਰਾ ਦੇ ਘਰ ਦੇਣ ਬਦਲੇਪੇਂਟਿੰਗ ਮਿਲੀ ਸੀ। ਰਾਣਾ ਕਪੂਰ ਨੇ ਇਹ ਵੀ ਦੋਸ਼ ਲਾਇਆ ਕਿ ਗਾਂਧੀ ਪਰਿਵਾਰ ਤੋਹਫ਼ੇ ਵਿੱਚ ਮਿਲੀਆਂ ਚੀਜ਼ਾਂ ਵੇਚਦਾ ਹੈ।

# ਆਰਮੀ ਅਫਸਰ ਨੂੰ ਵਿਦੇਸ਼ ਤੋਂ ਫਰਾਡੀ ਕਾਲ ਕਰ ਕੇ 4 ਲੱਖ ਠੱਗੇ



ਜਲੰਧਰ, 24 ਅਪ੍ਰੈਲ (ਪੋਸਟ ਬਿਊਰੋ)- ਫਰਾਡ ਫੋਨ ਕਰਨ ਵਾਲੇ ਗੈਂਗ ਨੇ ਇੱਕ ਆਰਮੀ ਅਫਸਰ ਦਾ ਭਤੀਜਾ ਬਣ ਕੇ ਉਸ ਤੋਂ ਚਾਰ ਲੱਖ ਰੁਪਏ ਆਪਣੇ ਬੈਂਕ ਖਾਤੇ ਵਿੱਚ ਟਰਾਂਸਫਰ ਕਰਵਾ ਲਏ। ਪਿੱਛੋਂ ਪਤਾ ਲੱਗਾ ਕਿ ਆਰਮੀ ਅਫਸਰ ਦੇ ਭਤੀਜੇ ਨੇ ਉਸ ਨੂੰ ਫੋਨ ਹੀ ਨਹੀਂ ਕੀਤਾ ਤਾਂ ਸਾਰੀ ਗੱਲ ਖੁੱਲ੍ਹ ਗਈ।

ਪਤਾ ਲੱਗਾ ਹੈ ਕਿ ਕਰਨਲ ਰੈਂਕ ਦੇ ਅਧਿਕਾਰੀ ਦਾ ਭਤੀਜਾ ਕਾਫੀ ਸਮੇਂ ਤੋ ਇਟਲੀ ਵਿੱਚ ਹੈ। ਉਸ ਨੇ ਪੁਲਸ ਨੂੰ ਦੱਸਿਆ ਕਿ 22 ਅਪ੍ਰੈਲ ਨੂੰ ਇੱਕ ਅਣਪਛਾਤੇ ਨੰਬਰ ਤੋਂ ਫੋਨ ਆਇਆ। ਫੋਨ ਕਰਨ ਵਾਲਾ ਵਿਅਕਤੀ ਰੋਂਦੇ ਹੋਏ ਖੁਦ ਨੂੰ ਕਰਨਲ ਦਾ ਭਤੀਜਾ ਦੱਸ ਰਿਹਾ ਸੀ। ਉਨ੍ਹਾਂ ਸੋਚਿਆ ਕਿ ਭਤੀਜਾ ਕਿਸੇ ਪ੍ਰੇਸ਼ਾਨੀ ਵਿੱਚ ਹੈ। ਪੁੱਛਣ ਉੱਤੇ ਉਸ ਵਿਅਕਤੀ ਨੇ ਕਿਹਾ ਕਿ ਰਾਤ ਸਾਡੀ ਬਾਰ ਵਿੱਚ ਲੜਾਈ ਹੋ ਗਈ ਸੀ। ਉਸ ਕੋਲੋਂ ਦੂਜੀ ਧਿਰ ਦੇ ਨੌਜਵਾਨਾਂ ਨੂੰ ਜ਼ਿਆਦਾ ਸੱਟਾਂ ਲੱਗ ਗਈਆਂ ਹਨ, ਜਿਹੜਾ ਹਸਪਤਾਲ ਵਿੱਚ ਦਾਖਲ ਹੈ ਅਤੇ ਇਟਲੀ ਦੀ ਪੁਲਸ ਨੇ ਉਸ ਨੂੰ ਫੜਿਆ ਹੋਇਆ ਹੈ। ਇਸ ਲਈ ਭਤੀਜੇ ਨੇ ਇੱਕ ਵਕੀਲ ਨਾਲ ਵੀ ਗੱਲ ਕਰਾਈ। ਵਕੀਲ ਨੇ ਕਿਹਾ ਕਿ ਚਾਰ ਲੱਖ ਰੁਪਏ ਮਿਲਣ ਉੱਤੇ ਉਸ ਨੂੰ ਜ਼ਮਾਨਤ ਮਿਲ ਜਾਵੇਗੀ। ਕਰਨਲ ਨੇ ਆਪਣੇ ਭਤੀਜੇ ਨੂੰ ਬਚਾਉਣ ਲਈ ਕਾਹਲੀ ਵਿੱਚ ਵਕੀਲ ਵੱਲੋਂ ਦਿੱਤੇ ਦੋ ਬੈਂਕ ਖਾਤਿਆਂ ਵਿੱਚ ਆਰ ਟੀ ਜੀ ਐਸ ਜ਼ਰੀਏ ਦੋ-ਦੋ ਲੱਖ ਰੁਪਏ ਕਰ ਕੇ ਚਾਰ ਲੱਖ ਰੁਪਏ ਟਰਾਂਸਫਰ ਕਰ ਦਿੱਤੇ। ਉਸਨੇ ਜਦੋਂ ਦੋਵੇਂ ਬੈਂਕ ਖਾਤੇ ਚੈਕ ਕਰਵਾਏ ਤਾਂ ਪਤਾ ਲੱਗਾ ਕਿ ਉਹ ਮੁੰਬਈ ਦੇ ਕਿਸੇ ਗੁਲਸ਼ਨ ਕੁਮਾਰ ਅਤੇ ਦਲੀਪ ਕੁਮਾਰ ਦੇ ਨਾਂਅ ਉੱਤੇ ਹਨ। ਥਾਣਾ ਨੰਬਰ ਸੱਤ ਦੀ ਪੁਲਸ ਨੇ ਦੋਸ਼ੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ। ਫੌਜੀ ਅਫਸਰ ਨੇ ਜੇ ਇਸ ਫੋਨ ਬਾਰੇ ਆਪਣੇ ਭਤੀਜੇ ਨੂੰ ਫੋਨ ਕਰ ਕੇ ਕਰਾਸ ਚੈਕ ਕੀਤਾ ਹੁੰਦਾ ਤਾਂ ਫਰਾਡ ਨਾ ਹੁੰਦਾ। ਅਜਿਹੇ ਫੋਨ ਕਈ ਲੋਕਾਂ ਨੂੰ ਆ ਚੁੱਕੇ ਹਨ। ਜਿਨ੍ਹਾਂ ਨੂੰ ਅਜਿਹੇ ਫੋਨ ਆਏ, ਕਰਾਸ ਚੈਕ ਕਰਨ ਉੱਤੇ ਉਨ੍ਹਾਂ ਦੇ ਪੈਸਿਆਂ ਦਾ ਬਚਾਅ ਹੋ ਗਿਆ।

# ਸਕੂਲੋਂ ਭੱਜ ਕੇ ਨਹਾਉਣ ਗਏ ਦੋ ਵਿਦਿਆਰਥੀ ਨਹਿਰ ਵਿੱਚ ਰੁੜ੍ਹ ਗਏ

ਲੁਧਿਆਣਾ, 24 ਅਪ੍ਰੈਲ (ਪੋਸਟ ਬਿਊਰੋ)- ਸਕੂਲ ਪਹੁੰਚਣ ਵਿੱਚ ਦੇਰੀ ਕਾਰਨ ਛੇ ਵਿਦਿਆਰਥੀ ਘਰ ਵਾਪਸ ਜਾਣ ਦੀ ਥਾਂ ਮਾਲੇਰਕੋਟਲਾ ਰੋਡ ਉੱਤੇ ਕੈਂਡ ਨਹਿਰ ਵਿੱਚ ਨਹਾਉਣ ਚਲੇ ਗਏ। ਇਸ ਮੌਕੇ ਤਿੰਨ ਜਣੇ ਨਹਾਉਣ ਲੱਗਿਆਂ ਪਾਣੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਏ, ਜਿਨ੍ਹਾਂ ਵਿੱਚੋਂ ਇੱਕ ਨੂੰ ਲੋਕਾਂ ਨੇ ਕੱਢ ਲਿਆ,ਦੋਵੇਂ ਜਣੇ ਡੁੱਬ ਗਏ।

ਪੁਲਸ ਨੇ ਗੋਤਾਖੋਰਾਂ ਦੀ ਮਦਦ ਨਾਲ ਦੋਵਾਂ ਨੌਜਵਾਨਾਂ ਦੀਆਂ ਲਾਸ਼ਾਂ ਬਾਹਰ ਕੱਢੀਆਂ ਹਨ। ਮ੍ਰਿਤਕਾਂ ਦੀ ਪਛਾਣ ਵਿਜੈ (15) ਵਾਸੀ ਗੁਰਮੀਤ ਨਗਰ ਤੇ ਆਯੂਸ਼ (15) ਵਾਸੀ ਸੁਰਜੀਤ ਨਗਰ ਵਜੋਂ ਹੋਈ ਹੈ, ਜਿਸ ਨੌਜਵਾਨ ਨੂੰ ਲੋਕਾਂ ਨੇ ਬਚਾਇਆ, ਉਸ ਦੀ ਪਛਾਣ ਭੁਪਿੰਦਰ ਸਿੰਘ ਵਜੋਂ ਹੋਈ ਹੈ। ਥਾਣਾ ਮੁਖੀ ਨੇ ਦੱਸਿਆ ਕਿ ਵਿਜੈ, ਆਯੂਸ਼ ਅਤੇ ਭੁਪਿੰਦਰ ਦਸਵੀਂ ਜਮਾਤ ਦੇ ਵਿਦਿਆਰਥੀ ਹਨ। ਉਹ ਛੇ ਦੋਸਤ ਇਕੱਠੇ ਸਕੂਲ ਜਾਂਦੇ ਸਨ। ਕੱਲ੍ਹ ਉਹ ਸਕੂਲ ਪਹੁੰਚਣ ਤੋਂ ਲੇਟ ਹੋ ਗਏ ਤਾਂ ਸਕੂਲ ਜਾਣ ਦੀ ਥਾਂ ਉਹ ਨਹਿਰ ਉੱਤੇਚਲੇ ਗਏ। ਆਪਣੇ ਤਿੰਨ ਸਾਥੀ ਡੁੱਬਦੇ ਵੇਖ ਕੇ ਬਾਕੀ ਤਿੰਨਾਂ ਨੇ ਰੌਲਾ ਪਾ ਦਿੱਤਾ ਤਾਂ ਰਾਹਗੀਰਾਂ ਨੇ ਇੱਕ ਨੂੰ ਬਚਾ ਲਿਆ, ਪਰ ਪਾਣੀ ਦਾ ਵਹਾਅ ਤੇਜ਼ ਹੋਣ ਕਾਰਨ ਦੋ ਨਹੀਂ ਬਚ ਸਕੇ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre Lic# 10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਪੰਜਾਬ ਕਾਂਗਰਸ ਦੇ ਪ੍ਰਧਾਨ ਵੜਿੰਗ ਨੂੰ ਚੰਡੀਗੜ੍ਹ ਨਗਰ ਨਿਗਮ ਵੱਲੋਂ ਮੋਟਾ ਜੁਰਮਾਨਾ

## * ਬਿਨਾਂ ਆਗਿਆ ਹੋਰਡਿੰਗਜ਼ ਲਾਉਣ ਵਿਰੁੱਧ ਕਾਰਵਾਈ



ਚੰਡੀਗੜ੍ਹ, 24 ਅਪਰੈਲ, (ਪੋਸਟ ਬਿਊਰੋ)- ਅਮਰਿੰਦਰ ਸਿੰਘ ਰਾਜਾ ਵੜਿੰਗਵੱਲੋਂ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦਾ ਅਹੁਦਾ ਸੰਭਾਲਣ ਦੇ ਕੁਝ ਘੰਟੇ ਬਾਅਦ ਹੀ ਚੰਡੀਗੜ੍ਹ ਨਗਰ ਨਿਗਮ ਨੇ ਉਨ੍ਹਾਂਨੂੰ ਜੁਰਮਾਨਾ ਲਾਇਆ ਹੈ। ਰਾਜਾ ਵੜਿੰਗ ਉੱਤੇ ਬਿਨਾਂ ਮਨਜ਼ੂਰੀ ਤੋਂ ਸ਼ਹਿਰ ਵਿੱਚ ਗੈਰ-ਕਾਨੂੰਨੀ ਢੰਗ ਨਾਲ ਪੋਸਟਰ ਤੇ ਬੈਨਰ ਲਾਉਣਕਾਰਨ 29,390 ਰੁਪਏ ਦਾ ਜੁਰਮਾਨਾ ਲਾਇਆ ਗਿਆ ਹੈ।ਵਰਨਣ ਯੋਗ ਹੈ ਕਿ ਕਾਂਗਰਸ ਪਾਰਟੀ ਵੱਲੋਂ ਇਹ ਬੈਨਰ ਅਤੇ ਪੋਸਟਰ ਰਾਜਾ ਵੜਿੰਗ ਦੀ ਕਾਂਗਰਸ ਪ੍ਰਧਾਨ ਵਜੋਂ ਤਾਜਪੋਸ਼ੀ ਬਾਰੇ ਜਾਣਕਾਰੀ ਦੇਣ ਲਈ ਲਾਏ ਗਏ ਸਨ। ਇਸ ਵਿੱਚ ਦਿਲਚਸਪ ਗੱਲ ਇਹਹੈ ਕਿ ਚੰਡੀਗੜ੍ਹ ਨਗਰ ਨਿਗਮ ਨੇ ਪਹਿਲੀ ਵਾਰ ਕਿਸੇ ਰਾਜਸੀ ਆਗੂ ਨੂੰ ਬਿਨਾਂ ਮਨਜ਼ੂਰੀ ਦੇ ਪੋਸਟਰ ਤੇ ਬੈਨਰ ਲਾਉਣਲਈ ਜੁਰਮਾਨਾ ਕੀਤਾ ਹੈ। ਇਸ ਤੋਂ ਪਹਿਲਾਂ ਨਗਰ ਨਿਗਮ ਨੇ ਲੀਡਰਾਂ ਨੂੰ ਨੋਟਿਸ ਭੇਜੇ ਸਨ, ਪਰ ਜੁਰਮਾਨਾ ਕਦੀ ਨਹੀਂ ਲਾਇਆ। ਅਧਿਕਾਰੀਆਂ ਨੇ ਦੱਸਿਆ ਕਿ ਚੰਡੀਗੜ੍ਹ ਨਗਰ ਨਿਗਮ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 29,390 ਰੁਪਏ ਦੇ ਚਲਾਨ ਵਾਸਤੇ ਨੋਟਿਸ ਭੇਜਿਆ ਹੈ। ਚੰਡੀਗੜ੍ਹ ਵਿੱਚ ਇਸ਼ਤਿਹਾਰ ਕੰਟਰੋਲ ਐਕਟ ਲਾਗੂ ਹੈ, ਜਿਸ ਹੇਠ ਬੈਨਰ ਅਤੇ ਪੋਸਟਰ ਲਾਉਣ ਤੋਂ ਪਹਿਲਾਂ ਇਜਾਜ਼ਤ ਲੈਣੀ ਪੈਂਦੀ ਹੈ, ਪਰ ਰਾਜਾ ਵੜਿੰਗ ਦੇ ਅਹੁਦਾ ਸੰਭਾਲਣ ਮੌਕੇ ਪੋਸਟਰ-ਬੈਨਰਾਂ ਦੀ ਅਗਾਊਂ ਇਜਾਜ਼ਤ ਨਹੀਂ ਸੀ ਲਈ ਗਈ।

ਚੰਡੀਗੜ੍ਹ ਨਗਰ ਨਿਗਮ ਅਧਿਕਾਰੀਆਂ ਨੇ ਦੱਸਿਆ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਸਮੱਰਥਨ ਵਿੱਚ ਤਿੰਨ ਵੱਡੇ ਬੈਨਰਾਂ ਸਣੇ 13 ਪੋਸਟਰ ਗੈਰ-ਕਾਨੂੰਨੀ ਲਾਏ ਗਏ ਸਨ। ਇਨ੍ਹਾਂ ਵਿੱਚੋਂ ਪੀਜੀਆਈ ਵਾਲੇ ਪਾਸੇ ਸੈਕਟਰ 16 ਚੌਕ ਵਿੱ-ਚਰਾਜਾ ਵੜਿੰਗ ਦੇ ਸਵਾਗਤ ਦੇ ਕਈ ਬੈਨਰ ਤੇ ਪੋਸਟਰ ਲਾਏ ਗਏ, ਜਿਨ੍ਹਾਂ ਵਿੱਚਉਸ ਦੀ ਫੋਟੋ ਸੀ। ਨਗਰ ਨਿਗਮ ਦੇ ਐਂਟੀ ਐਨਕਰੋਚਮੈਂਟ ਸੈੱਲ ਨੇ ਇਹਪੋਸਟਰਾਂ ਤੇ ਬੈਨਰਟਵਾ ਦਿੱਤੇ ਸਨ। ਅਧਿਕਾਰੀਆਂ ਦੇ ਮੁਤਾਬਕ ਨਗਰ ਨਿਗਮ ਦੇ ਕਮਿਸ਼ਨਰ ਨੂੰ ਨਾਜਾਇਜ਼ ਹੋਰਡਿੰਗਾਂ/ਬੈਨਰਾਂ ਦੀ ਸੂਚਨਾ ਮਿਲਣ ਪਿੱਛੋਂ ਇੱਕਅਫਸਰ ਨੇ ਮੌਕੇ ਦਾ ਦੌਰਾ ਕੀਤਾ ਅਤੇ ਨਗਰ ਨਿਗਮ ਦੇ ਐਂਟੀ ਐਨਕਰੋਚਮੈਂਟ ਵਿਭਾਗ ਦੇ ਅਧਿਕਾਰੀਆਂ ਨੂੰ ਕਾਰਵਾਈ ਕਰਨ ਲਈ ਕਿਹਾ।ਵਰਨਣ ਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਬੀਤੇ ਸ਼ੁੱਕਰਵਾਰ ਨੂੰ ਅਹੁਦਾ ਸੰਭਾਲਆ ਸੀ।

## ਨਵਾਜ਼ ਸ਼ਰੀਫ ਵੱਲੋਂ ਦੋਸ਼: ਇਮਰਾਨ ਖਾਨ ਨੇ ਪਾਕਿ ਦੀ ਸਾਰੀ ਅਰਥਵਿਵਸਥਾ ਤਬਾਹ ਕਰ ਛੱਡੀ

ਲੰਡਨ, 24 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਬੀਤੇ ਦਿਨੀਂ ਗੱਦੀ ਤੋਂ ਲਾਹੇ ਗਏ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਉੱਤੇ ਗੰਭੀਰ ਦੋਸ਼ ਲਾਏ ਤੇ ਕਿਹਾ ਕਿ ਉਨ੍ਹਾਂ ਦੇ ਕਾਰਨ ਦੇਸ਼ ਦੀ ਆਰਥਿਕਤਾ ਬੁਰੀ ਤਰ੍ਹਾਂ ਤਬਾਹ ਹੋ ਗਈ ਹੈ, ਜਿਸ ਦੇ ਜ਼ਿੰਮੇਵਾਰ ਇਮਰਾਨ ਖਾਨ ਹਨ। ਲੰਡਨ ਵਿੱਚ ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨਾਲ ਪ੍ਰੈੱਸ ਕਾਨਫਰੰਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਸੱਤਾ ਬਦਲੀ ਵਿੱਚ ਵਿਦੇਸ਼ੀ ਸਾਜਿਸ਼ ਦੇ ਇਮਰਾਨ ਖਾਨ ਦੇ ਦੋਸ਼ ਰੱਦ ਕਰ ਦਿੱਤੇ। ਅਖਬਾਰ ਨਿਊਜ਼ ਇੰਟਰਨੈਸ਼ਨਲਮੁਤਾਬਕ ਨਵਾਜ਼ ਸ਼ਰੀਫ ਨੇ ਕਿਹਾ, 'ਕੀ ਤੁਸੀਂ ਐਟਮੀ ਧਮਾਕੇ ਵਿੱਚ ਸ਼ਾਮਲ ਸੀ? ਤੁਹਾਡੇ ਵਿਰੁੱਧ ਵਿਦੇਸ਼ੀ ਸਾਜਿਸ਼ ਕਿਉਂ ਹੋਵੇਗੀ?' ਨਵਾਜ਼ ਸ਼ਰੀਫ ਪਾਕਿਸਤਾਨ ਦੀ ਸੱਤਾ ਸੰਭਾਲਣ ਵਾਲੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਦੇ ਚੇਅਰਮੈਨ ਹਨ। ਉਨ੍ਹਾਂ ਕਿਹਾ ਕਿ ਇਮਰਾਨ ਖਾਨ ਨੂੰ ਪਾਕਿਸਤਾਨ ਉੱਤੇ ਥੋਪਣਾ ਹੀ ਸਭ ਤੋਂ ਵੱਡੀ ਸਾਜ਼ਿਸ਼ ਸੀ। ਪਾਕਿਸਤਾਨ ਵਿੱਚ ਆਰਥਿਕ ਸੰਕਟ ਤੇ ਗਰੀਬੀ ਨਾਲ ਦੇਸ਼ ਦਾ ਹਾਲ ਦਿਨੋਂ-ਦਿਨ ਖਰਾਬ ਹੁੰਦਾ ਜਾਂਦਾ ਹੈ। ਨਵਾਜ਼ ਸ਼ਰੀਫ ਨੇ ਇਮਰਾਨ ਖਾਨ ਤੇ ਉਨ੍ਹਾਂ ਦੀ ਪਾਰਟੀਬਾਰੇਕਿਹਾ ਕਿ ਅਰਥਵਿਵਸਥਾ ਦੇ ਨਾਲ ਹੀ ਪਾਕਿਸਤਾਨ ਦੀ ਸਭਿਅਤਾ ਵੀ ਪੂਰੀ ਤਬਾਹ ਕਰ ਦਿੱਤੀ ਗਈ ਹੈ।

ਓਦੋਂ ਪਹਿਲਾਂ ਵੀਰਵਾਰ ਨੂੰ ਪਾਕਿਸਤਾਨ ਦੇ ਵਿੱਤ ਮੰਤਰਾਲੇ ਨੇ ਵਿਦੇਸ਼ੀ ਕਰਜ਼ੇਬਾਰੇ ਰਿਪੋਰਟ ਦਿੱਤੀ ਸੀ, ਜਿਸ ਮੁਤਾਬਕ ਪਿਛਲੀ ਇਮਰਾਨ ਸਰਕਾਰ ਨੇ ਆਪਣੇ ਰਾਜ ਦੇ ਆਖਰੀ ਨੌਂ ਮਹੀਨਿਆਂ ਵਿੱਚ 15 ਸੌ ਕਰੋੜ ਡਾਲਰ ਵਿਦੇਸ਼ੀ ਕਰਜ਼ਾ ਲਿਆ ਸੀ। ਇਸ ਰਿਪੋਰਟ ਮੁਤਾਬਕ ਪਿਛਲੇ ਹਫ਼ਤਿਆਂ ਦੀ ਸਿਆਸੀ ਅਸਥਿਰਤਾ ਨਾਲ ਸ਼ੇਅਰ ਬਾਜ਼ਾਰ ਪ੍ਰਭਾਵਿਤ ਹੋਇਆ ਅਤੇ ਪਾਕਿਸਤਾਨੀ ਰੁਪਏ ਦੀ ਕੀਮਤ ਉੱਤੇ ਇਸ ਦਾ ਬਹਤ ਬੁਰਾ ਪ੍ਰਭਾਵ ਪਿਆ ਹੈ। ਉਂਜ ਇਹ ਪਹਿਲੀ ਵਾਰ ਨਹੀਂ, ਜਦੋਂ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਇਮਰਾਨ ਖਾਨਵਿਰੁੱਧਇਹ ਦੋਸ਼ ਲਾਏ ਹਨ। ਦੇਸ਼ ਵਿੱਚ ਲੰਬੇ ਸਮੇਂ ਤੋਂ ਚੱਲਦੀ ਸਿਆਸੀ ਤੋੜ-ਭੰਨ ਵੇਲੇ ਉਹ ਇਮਰਾਨ ਖਾਨ ਉੱਤੇ ਨਿਸ਼ਾਨਾ ਸਾਧਦੇ ਰਹੇ ਹਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224




ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ


ਭਾਰੀ ਸਮਾਗਮ



ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਠਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਜਦੋਂ ਆਹ ਕੁਝ ਵਾਪਰਦਾ ਹੋਵੇ ਤਾਂ ਦੁਨੀਆ ਦੀਆਂ ਨਜ਼ਰਾਂ ਭਾਰਤ ਵੱਲ ਉੱਠਣਗੀਆਂ ਹੀ



ਜਤਿੰਦਰ ਪੰਨੂ

ਇਹ ਗੱਲ ਸਾਨੂੰ ਬੜੀ ਵਾਰੀ ਸੁਣਨ ਨੂੰ ਮਿਲਦੀ ਰਹੀ ਹੈ ਤੇ ਅਜੇ ਵੀ ਕਈ ਵਾਰੀ ਸੁਣੀਂਦੀ ਹੈ ਕਿ ਦੁਨੀਆ ਦੀਆਂ ਨਜ਼ਰਾਂ ਸਾਡੇ ਭਾਰਤ ਵੱਲ ਲੱਗੀਆਂ ਹੋਈਆਂ ਹਨ। ਸਾਨੂੰ ਉਹ ਸਮਾਂ ਚੇਤੇ ਨਹੀਂ ਆ ਰਿਹਾ, ਜਦੋਂ ਦੁਨੀਆ ਦੀਆਂ ਨਜ਼ਰਾਂ ਸਾਡੇ ਭਾਰਤ ਵੱਲ ਲੱਗੀਆਂ ਨਹੀਂ ਸੀ। ਜਦੋਂ ਭਾਰਤ ਗੁਲਾਮੀ ਵਿੱਚ ਸਹਿਕਦਾ ਪਿਆ ਅਤੇ ਵਿਦੇਸ਼ੀ ਹਾਕਮਾਂ ਵੱਲੋਂ ਲੜੀਆਂ ਜਾਂਦੀਆਂ ਜੰਗਾਂ ਵਿੱਚ ਆਪਣੇ ਪੁੱਤਰ ਭੇਜ ਕੇ ਮਰਵਾਉਣ ਪਿੱਛੋਂ ਵਿਦੇਸ਼ੀ ਧਰਤੀਆਂ ਉੱਤੇ ਹੁੰਦੀਆਂ ਜੰਗਾਂ ਦੇ ਕਿੱਸੇ ਸੁਣਾ ਕੇ ਦਿਲ ਨੂੰ ਧਰਵਾਸ ਦੇਂਦਾ ਹੁੰਦਾ ਸੀ, ਦੁਨੀਆ ਭਰ ਦੀਆਂ ਨਜ਼ਰਾਂ ਓਦੋਂ ਵੀ ਸਾਡੇ ਭਾਰਤ ਵੱਲ ਲੱਗੀਆਂ ਹੁੰਦੀਆਂ ਸਨ ਕਿ ਇਹ ਬੇਗਾਨੀਆਂ ਬੁੱਤੀਆਂ ਕਰਦਿਆਂ ਆਪਣੇ ਪੁੱਤ ਮਰਵਾਈ ਜਾਂਦਾ ਹੈ। ਫਿਰ ਭਾਰਤ ਦੇ ਲੋਕਾਂ ਦੀ ਹਿੰਮਤ ਨਾਲ ਦੇਸ਼ ਆਜ਼ਾਦ ਹੋ ਗਿਆ, ਆਜ਼ਾਦੀ ਲਈ ਹਜ਼ਾਰਾਂ ਲੋਕ ਕੁਰਬਾਨ ਹੋ ਗਏ, ਪਰ ਏਥੇ ਸਿਰਫ ਇਹੋਸੁਣਨ ਨੂੰ ਮਿਲਦਾ ਰਿਹਾ ਕਿ 'ਸਾਬਰਮਤੀ ਕੇ ਬਾਪੂ, ਤੂ ਨੇ ਕਰ ਦੀਆ ਕਮਾਲ, ਲੇਕਰ ਦੀ ਆਜ਼ਾਦੀ ਹਮ ਕੋ ਬਿਨਾਂ ਖੜਗ ਔਰ ਢਾਲ।'ਲੋਕਾਂ ਵਿੱਚ ਇਸ ਇੱਕੋ ਧਾਰਨਾ ਨੂੰ ਪ੍ਰਚਾਰਿਆ ਗਿਆ ਤੇ ਬਾਕੀ ਸਭ ਕੁਝ ਪਿੱਛੇ ਪਾਉਣ ਦੇ ਬਾਅਦ ਦੁਨੀਆ ਨੂੰ ਇਹੋ ਦੱਸਿਆ ਜਾਂਦਾ ਰਿਹਾ ਕਿ ਭਾਰਤ ਅਹਿੰਸਾ ਨਾਲ ਜੰਗਾਂ ਜਿੱਤਣ ਦਾ ਫਾਰਮੂਲਾ ਜਾਣਦਾ ਹੈ। ਨਾਲ ਦੀ ਨਾਲ ਭਾਰਤ ਦੇ ਰਾਜ ਕਰਤੇ ਆਪਣੇ ਸਾਇੰਸਦਾਨਾਂ ਨੂੰ ਐਟਮੀ ਸ਼ਕਤੀ ਦੀ ਖੋਜ ਕਰਨ ਲਈ ਹੱਲਾਸ਼ੇਰੀ ਦੇਂਦੇ ਰਹੇ ਅਤੇ ਜਦੋਂ ਐਟਮ ਬੰਬ ਦੀ ਪਰਖਸਫਲ ਹੋ ਗਈ ਤਾਂ ਇਹ ਨਹੀਂ ਸੀ ਦੱਸਿਆ ਕਿ ਮਾਰੂ ਮਸਾਲਾ ਸਹੀ ਹੈ, ਸਗੋਂ ਇਹ ਸੰਦੇਸ਼ ਭੇਜ ਕੇ ਦਿੱਲੀ ਬੈਠੀ ਕੇਂਦਰ ਸਰਕਾਰ ਨੂੰ ਖੁਸ਼ ਕੀਤਾ ਸੀ ਕਿ 'ਬੁੱਧ ਮੁਸਕੁਰਾ ਪਿਆ ਹੈ'। ਵਾਹ, ਇੱਕੋ ਝਟਕੇ ਵਿੱਚ ਲੱਖਾਂ ਲੋਕ ਮਾਰ ਦੇਣ ਵਾਲੇ ਬੰਬ ਦੇ ਧਮਾਕੇ ਨਾਲ ਸ਼ਾਂਤੀ ਦਾ ਪੁਜਾਰੀ ਬੁੱਧ 'ਮੁਸਕੁਰਾ ਪਿਆ', ਹੈ ਨਾ ਕਮਾਲ ਦੀ ਗੱਲ! ਦੁਨੀਆ ਦੇ ਲੋਕ ਉਸ ਵਕਤ ਵੀ ਭਾਰਤ ਵੱਲ ਵੇਖਦੇ ਪਏ ਸਨ ਕਿ ਇਸ ਦੇਸ਼ ਦੇ ਹਾਕਮ ਕਹਿੰਦੇ ਕੀ ਹਨ ਤੇ ਅਮਲ ਵਿੱਚ ਕਰਦੇ ਕੀ ਪਏ ਹਨ, ਪਰ ਸਾਨੂੰ ਇਸ ਨਾਲ ਮਤਲਬ ਨਹੀਂ ਸੀ, ਸਗੋਂ ਇਹ ਕਹਿਣਾ ਕਾਫੀ ਸੀ ਕਿ ਦੁਨੀਆ ਸਾਨੂੰ ਵੇਖਦੀ ਪਈ ਸੀ।

ਭਾਰਤ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਇਸ ਗੱਲ ਦਾ ਇਹ ਅਰਥ ਨਹੀਂ ਕਿ ਭਾਰਤ ਲੋਕਤੰਤਰੀ ਰਿਵਾਇਤਾਂ ਦੀ ਪਾਲਣਾ ਕਰਨ ਵਿੱਚ ਬਾਕੀ ਸਭਨਾਂ ਤੋਂ ਵੱਡੇ ਕਿਰਦਾਰ ਵਾਲਾ ਹੋਣ ਦਾ ਮਾਣ ਹਾਸਲ ਕਰ ਗਿਆ ਹੈ, ਸਗੋਂ ਇਹ ਹੈ ਕਿ ਜਿਹੜੇ ਦੇਸ਼ਾਂ ਵਿੱਚ ਲੋਕਤੰਤਰੀ ਸਿਸਟਮ ਚੱਲਦਾ ਹੈ, ਉਨ੍ਹਾਂ ਸਭਨਾਂ ਨਾਲੋਂ ਵੱਧ ਲੋਕਾਂ ਦੀਆਂ ਵੋਟਾਂ ਨਾਲ ਚੁਣੀ ਹੋਈ ਸਰਕਾਰ ਵਾਲਾ ਲੋਕਤੰਤਰੀ ਦੇਸ਼ ਭਾਰਤ ਹੈ। ਜਿੰਨੀ ਤੇਜ਼ੀ ਨਾਲ ਇਹ ਦੇਸ਼ ਆਪਣੇ ਵੋਟਰਾਂ ਦੀ ਗਿਣਤੀ ਦਾ ਵਾਧਾ ਕਰੀ ਜਾ ਰਿਹਾ ਹੈ, ਅਗਲੀ ਸਦੀ ਵਿੱਚ ਕੋਈ ਹੋਰ ਦੇਸ਼ ਇਸ ਪੱਖੋਂ ਇਸ ਦੇ ਨੇੜੇ ਪਹੁੰਚਣ ਦਾ ਸੁਫਨਾ ਵੀ ਨਹੀਂ ਲੈ ਸਕਦਾ। ਜਿਹੜੇ ਧਾਰਮਿਕ ਪੁਰਸ਼ਾਂ ਨੇ ਖੁਦ ਗ੍ਰਹਿਸਤ ਦਾ ਮਾਰਗ ਨਹੀਂ ਧਾਰਨ ਕੀਤਾ, ਵਿਆਹ ਦੇ ਬੰਧਨ ਵਿੱਚ ਕਦੇ ਨਹੀਂ ਬੱਝੇ, ਉਹ ਦੂਸਰਿਆਂ ਨੂੰ ਇਹ ਸੱਦੇ ਦੇਂਦੇ ਹਨ ਕਿ ਧਰਮ ਦੀ ਚੜ੍ਹਦੀ ਕਲਾ ਕਰਨ ਲਈ ਵੱਧ ਤੋਂ ਵੱਧ ਬੱਚੇ ਪੈਦਾ ਕਰੋ। ਧਰਮ ਦੀ ਚੜ੍ਹਦੀ ਕਲਾ ਹੋਵੇ ਨਾ ਹੋਵੇ, ਧਰਮ ਦੇ ਆਧਾਰ ਉੱਤੇ ਆਪਸ ਵਿੱਚ ਲੜਨ ਲਈ ਫੌਜਾਂ ਖੜੀਆਂ ਕਰਨ ਵਾਲਾ ਸੰਸਾਰਵਿੱਚ ਸਭ ਤੋਂ ਵੱਡਾ ਲੋਕਤੰਤਰ ਤਾਂਭਾਰਤ ਫਿਰ ਹੀ ਰਹੇਗਾ। ਇਸ ਦਾ ਇਹ ਰੁਤਬਾ ਹੋਰ ਕੋਈ ਨਹੀਂ ਖੋਹ ਸਕਦਾ। ਇਸ ਪੱਖੋਂ ਵੀ ਦੁਨੀਆ ਦੀਆਂ ਨਜ਼ਰਾਂ ਭਾਰਤ ਵੱਲ ਹਨ, ਪਰ ਕੋਈ ਮਾੜੀ ਗੱਲ ਨਹੀਂ!

ਉਂਜ ਅਸੀਂ ਵੋਟਰ ਬਣਨ ਯੋਗ ਲੋਕਾਂ ਦੀ ਗਿਣਤੀ ਦੇ ਪੱਖੋਂ ਸਾਰਿਆਂ ਤੋਂ ਵੱਡਾਲੋਕਤੰਤਰ ਅਖਵਾ ਸਕਦੇ ਹਾਂ, ਪਰ ਲੋਕਤੰਤਰੀ ਰਿਵਾਇਤਾਂ ਨੂੰ ਜਦੋਂ ਮਰਜ਼ੀ ਝਕਾਨੀ ਦੇ ਲਈਏ, ਓਦੋਂ ਸਾਨੂੰ ਇਹ ਚਿੰਤਾ ਨਹੀਂ ਹੁੰਦੀ ਕਿ ਸੰਸਾਰਭਰ ਦੀਆਂ ਨਜ਼ਰਾਂ ਸਾਡੇ ਉੱਤੇ ਗੱਡੀਆਂ ਹੋਈਆਂ ਹਨ। ਇੰਦਰਾ ਗਾਂਧੀ ਸੰਸਾਰ ਦੀ ਗੁੱਟ ਨਿਰਪੱਖ ਲਹਿਰ ਦੀ ਲੋਕਤੰਤਰੀ ਆਗੂ ਬਣ ਕੇ ਮਾਣ ਮਹਿਸੂਸ ਕਰਦੀ ਸੀ, ਪਰ ਆਪਣੇ ਦੇਸ਼ ਵਿੱਚ ਐਮਰਜੈਂਸੀ ਲਾਈ ਅਤੇ ਆਪਣੇ ਛੋਟੇ ਪੁੱਤਰ ਦੀ ਅਗਵਾਈ ਹੇਠ ਚਾਰ ਜਣਿਆਂ ਦੀ ਬਦਨਾਮ ਜੁੰਡੀ ਨੂੰ ਲੋਕਾਂ ਦਾ ਘਾਣ ਕਰਨ ਦੀ ਖੁੱਲ੍ਹ ਦੇ ਦਿੱਤੀ। ਉਸ ਨੇ ਇਹ ਸੋਚਿਆ ਹੀ ਨਹੀਂ ਸੀਕਿ ਦੁਨੀਆ ਦੀਆਂ ਨਜ਼ਰਾਂ ਸਾਡੇ ਵੱਲ ਲੱਗੀਆਂ ਸਨ। ਭਾਰਤ ਦੇ ਹਾਕਮਇਹੋ ਜਿਹੀਆਂ ਗੱਲਾਂ ਦੀ ਚਿੰਤਾ ਨਹੀਂ ਕਰਦੇ। ਅੱਜਕੱਲ੍ਹ ਫਿਰ ਸਾਰਾ ਸੰਸਾਰ ਭਾਰਤ ਵੱਲ ਵੇਖਦਾ ਪਿਆ ਹੈ। ਸਾਨੂੰ ਇਹੋ ਦੱਸਿਆ ਜਾ ਰਿਹਾ ਹੈ ਕਿ ਸੰਸਾਰ ਦੀਆਂ ਅੱਖਾਂ ਭਾਰਤ ਵੱਲ ਇਸ ਦੀ ਤਰੱਕੀ ਦੇ ਕਾਰਨ ਲੱਗੀਆਂ ਹਨ, ਕਿਉਂਕਿ ਭਾਰਤ ਐਟਮੀ ਸ਼ਕਤੀ ਬਣਨ ਤੋਂ ਬਾਅਦ ਪੁਲਾੜ ਵਿੱਚ ਵੀ ਵਡੇਰੀਆਂ ਪੁਲਾਂਘਾਂ ਪੁੱਟ ਰਿਹਾ ਹੈ। ਜੇ ਇਹ ਪ੍ਰਾਪਤੀਆਂ ਕੀਤੀਆਂ ਹਨ ਤਾਂ ਇਸ ਵਿੱਚ ਸਾਲਾਂ-ਬੱਧੀ ਜੂਝਦੇ ਰਹੇ ਸਾਇੰਸਦਾਨਾਂ ਦੀ ਮਿਹਨਤ ਹੈ, ਜਿਹੜੇ ਆਗੂ ਇਹ ਕਹਿੰਦੇ ਹਨ ਕਿ ਭਾਰਤ ਦੀ ਤਰੱਕੀ ਵੱਲ ਦੁਨੀਆਂ ਦੀਆਂ ਨਜ਼ਰਾਂ ਹਨ, ਉਨ੍ਹਾਂ ਦਾ ਕੋਈ ਯੋਗਦਾਨ ਨਹੀਂ। ਏਦਾਂ ਦੀ ਕੋਈ ਪ੍ਰਾਪਤੀ ਸਾਨੂੰ ਨਾ ਪਹਿਲਿਆਂ ਸਿਆਸੀ ਆਗੂਆਂ ਦੀ ਲੱਭੀ ਹੈ ਤੇ ਨਾ ਹੀ ਅੱਜ ਵਾਲਿਆਂ ਦੀ ਲੱਭਦੀ ਹੈ, ਜਿਸ ਨੂੰ ਚੁੱਕ ਕੇ ਅਸੀਂ ਦੁਨੀਆ ਭਰ ਦੇ ਲੋਕਾਂ ਨੂੰ ਦਿਖਾ ਸਕੀਏ ਕਿ ਆਹ ਕੰਮ ਭਾਰਤ ਦੇ ਲੋਕਤੰਤਰੀ ਲੀਡਰਾਂ ਨੇ ਕੀਤਾ ਹੈ, ਜਿਸ ਨਾਲ ਦੁਨੀਆ ਦੀ ਨਜ਼ਰਾਂ ਸਾਡੇ ਵੱਲ ਲੱਗੀਆਂ ਹਨ। ਫਿਰ ਵੀ ਜਦੋਂ ਇਹ ਕਿਹਾ ਜਾਂਦਾ ਹੈ ਕਿ ਦੁਨੀਆ ਦੀਆਂ ਨਜ਼ਰਾਂ ਅੱਜ ਵੀ ਭਾਰਤ ਵੱਲ ਲੱਗੀਆਂ ਹੋਈਆਂ ਹਨ ਤਾਂ ਇਹ ਗੱਲ ਗਲਤ ਨਹੀਂ, ਸਚੱਮੁਚ ਦੁਨੀਆ ਭਾਰਤ ਵੱਲ ਵੇਖਦੀ ਪਈ ਹੈ, ਪਰ ਕਿਸੇ ਨੇਕ ਦਿੱਖ ਕਾਰਨ ਨਹੀਂ ਵੇਖਦੀ। ਉਰਦੂ ਕਹਾਵਤ ਹੈ ਕਿ 'ਹੋਂਗੇ ਗਰ ਬਦਨਾਮ ਤੋ ਕਿਆ ਨਾਮ ਨਾ ਹੋਗਾ'। ਓਸੇ ਕਹਾਵਤ ਵਾਂਗ ਅੱਜ ਭਾਰਤ ਵਿੱਚ ਉੱਠਦੇ ਫਿਰਕੂਪੁਣੇ ਕਾਰਨ ਜੋ ਕੁਝ ਸਾਰੇ ਦੇਸ਼ ਵਿੱਚ ਆਏ ਦਿਨ ਹੁੰਦਾ ਪਿਆ ਹੈ, ਉਸ ਦੇ ਚਰਚੇ ਦੁਨੀਆ ਵਿੱਚ ਹੋ ਰਹੇ ਹਨ ਤੇ ਸਾਰੇ ਸੰਸਾਰ ਦੇ ਲੋਕ ਭਾਰਤ ਵੱਲ ਵੇਖ ਰਹੇ ਹਨ। ਕਿਸੇ ਦੂਰ-ਦੁਰਾਡੇ ਰਾਜ ਵਿੱਚ ਕੁਝ ਹੁੰਦਾ ਹੋਵੇ ਤਾਂ ਬਾਕੀ ਦੁਨੀਆ ਦੀਆਂ ਨਜ਼ਰਾਂ ਤੋਂ ਓਹਲਾ ਰੱਖਿਆ ਜਾ ਸਕਦਾ ਹੈ, ਪਰ ਜਦੋਂ ਭਾਰਤ ਦੀ ਰਾਜਧਾਨੀ ਵਿੱਚ ਉਹ ਕੁਝ ਵਾਪਰ ਰਿਹਾ ਹੋਵੇ, ਜਿਸ ਨਾਲ ਇਸ ਦੇਸ਼ ਦੀ ਦਿੱਖ ਦਾਗੀ ਹੁੰਦੀ ਹੋਵੇ, ਦੁਨੀਆ ਦੀਆਂ ਨਜ਼ਰਾਂ ਭਾਰਤ ਵੱਲ ਲੱਗਣੀਆਂ ਹੀ ਹਨ। ਅਲੋਕਾਰ ਗੱਲ ਇਹ ਕੋਈ ਨਹੀਂ।

ਪਿਛਲੇ ਦਿਨੀਂ ਰਾਜਧਾਨੀ ਦਿੱਲੀ ਵਿੱਚ ਫਿਰ ਦੰਗੇ ਹੋਣ ਦੀ ਖਬਰ ਬਣੀ। ਇਸ ਦੇ ਬਾਅਦ ਪੜਤਾਲ ਕਰਨ ਦੌਰਾਨ ਇਹ ਦੋਸ਼ ਲੱਗਦਾ ਰਿਹਾ ਕਿ ਜਾਂਚ ਇੱਕ-ਤਰਫਾ ਹੁੰਦੀ ਹੈ ਅਤੇ ਚੋਣਵੇਂ ਨਿਸ਼ਾਨੇ ਫੁੰਡੇ ਜਾ ਰਹੇ ਹਨ। ਏਥੋਂ ਤੱਕ ਵੀ ਗੱਲ ਸੀਮਤ ਨਾ ਰਹੀ ਤੇ ਫਿਰ ਬੁਲਡੋਜ਼ਰ ਚੱਲਣ ਦਾ ਮੁੱਦਾ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਵਿੱਚ ਗਿਆ ਤਾਂਸੁਣਿਆ ਗਿਆ ਕਿ ਬੁਲਡੋਜ਼ਰ ਵੀ ਫਿਰਕੂ ਹੋ ਗਿਆ ਹੈ, ਇੱਕ ਜਾਂ ਦੂਸਰੇ ਧਰਮ ਦੇ ਲੋਕਾਂ ਦੀਆਂ ਦੁਕਾਨਾਂ ਜਾਂ ਘਰਾਂ ਦਾ ਵਖਰੇਵਾਂ ਕਰ ਕੇ ਕਾਰਵਾਈ ਕਰਦਾ ਹੈ। ਏਦਾਂ ਦਾ ਕੰਮ ਇਸ ਤੋਂ ਪਹਿਲਾਂ ਕੁਝ ਹੋਰ ਰਾਜਾਂ ਵਿੱਚ ਵੀ ਹੋਇਆ, ਪਰ ਉਸ ਦਾ ਰੌਲਾ ਭਾਰਤ ਤੱਕ ਸੀਮਤ ਰਿਹਾ ਸੀ, ਇਸ ਵਾਰੀ ਰਾਜਧਾਨੀ ਦਿੱਲੀ ਵਿੱਚ ਜਦੋਂ ਇਹੋ ਕੁਝ ਹੋਇਆ ਹੈ, ਜਿੱਥੇ ਦੂਸਰੇ ਦੇਸ਼ਾਂ ਦੇ ਦੂਤ ਵੀ ਬੈਠੇ ਹਨ ਤਾਂ ਇਸ ਦੀ ਕਹਾਣੀ ਸੰਸਾਰ ਭਰ ਵਿੱਚ ਫੈਲ ਗਈ। ਸਰਕਾਰ ਲੱਖ ਸਫਾਈਆਂ ਦੇਂਦੀ ਰਹੇ, ਦੁਨੀਆ ਦੇ ਲੋਕਾਂ ਦੀ ਨਜ਼ਰ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਕਹਾਉਣ ਵਾਲੇ ਦੇਸ਼ ਦੇ ਹਾਕਮਾਂ ਉੱਤੇ ਆਪਣੇ-ਪਰਾਏ ਦੋ ਧਰਮਾਂ ਵਿੱਚ ਵਖਰੇਵੇਂ ਨਾਲ ਵਿਹਾਰ ਕਰਨ ਦੇ ਦੋਸ਼ ਲੱਗਣ ਲੱਗ ਪਏ। ਜਿਹੜੀ ਲੀਡਰਸ਼ਿਪ ਇਹ ਕਿਹਾ ਕਰਦੀ ਸੀ ਕਿ ਭਾਰਤ ਦੀ ਤਰੱਕੀ ਕਾਰਨ ਸਾਰੇ ਸੰਸਾਰ ਦੀਆਂ ਨਜ਼ਰਾਂ ਸਾਡੇ ਭਾਰਤ ਵੱਲ ਲੱਗੀਆਂ ਪਈਆਂ ਹਨ, ਉਹ ਆਪਣੀ ਬੋਲੀ ਬਦਲ ਕੇ ਇਹ ਕਹਿਣ ਲੱਗ ਪਈ ਕਿ ਜਿਨ੍ਹਾਂ ਨੂੰ ਅੱਜਕੱਲ੍ਹ ਹਰ ਗੱਲ ਵਾਸਤੇ ਸਿਰਫ ਭਾਰਤ ਨਜ਼ਰ ਆਉਂਦਾ ਹੈ, ਉਨ੍ਹਾਂ ਨੂੰ ਆਪਣੇ ਦੇਸ਼ ਅੰਦਰ ਵੀ ਝਾਤੀ ਮਾਰਨੀ ਚਾਹੀਦੀ ਹੈ। ਭਾਰਤੀ ਹਾਕਮ ਤਾਂ ਦੂਸਰਿਆਂ ਦੇ ਨੁਕਸ ਗਿਣਾਉਣ ਲੱਗ ਪਏ।

ਮੈਂ ਭਾਰਤ ਦੀ ਲੀਡਰਸ਼ਿਪ ਦਾ ਕਿਹਾ ਗਲਤ ਨਹੀਂ ਮੰਨਦਾ ਕਿ ਭਾਰਤ ਦੀ ਭੰਡੀ ਕਰਨ ਵਾਲਿਆਂ ਨੂੰ ਆਪਣੇ ਦੇਸ਼ਾਂ ਵਿੱਚ ਜੋ ਕੁਝ ਹੁੰਦਾ ਹੈ, ਉਹ ਵੀ ਵੇਖਣਾ ਚਾਹੀਦਾ ਹੈ, ਪਰ ਜੇ ਉਹ ਆਪਣੇ ਘਰਾਂ ਵਿੱਚ ਹੁੰਦਾ ਸਭ ਕੁਝ ਵੇਖ ਲੈਣ ਤਾਂ ਕੀ ਇਸ ਨਾਲ ਭਾਰਤ ਦੇ ਅੰਦਰ ਗਲਤ ਹੁੰਦਾ ਫਿਰ ਗਲਤ ਨਹੀਂ ਰਹਿ ਜਾਵੇਗਾ? ਇਹ ਮੈਥ ਦਾ ਕੋਈ ਫਾਰਮੂਲਾ ਤਾਂ ਹੈ ਨਹੀਂ ਕਿ ਮਾਈਨਸ ਨਾਲ ਮਾਈਨਸ ਨੂੰ ਗੁਣਾ ਕਰੋ ਤਾਂ ਪਲੱਸ ਬਣ ਜਾਵੇਗਾ। ਜ਼ਿੰਦਗੀ ਦੀਆਂ ਹਕੀਕਤਾਂ ਹੋਰ ਹੁੰਦੀਆਂ ਹਨ ਅਤੇ ਕਠੋਰ ਹੁੰਦੀਆਂ ਹਨ। ਏਥੇ ਗਲਤ ਦੇ ਜਵਾਬ ਵਿੱਚ ਗਲਤ ਕੀਤਾ ਠੀਕ ਨਹੀਂ ਬਣ ਸਕਦਾ। ਦੋ ਗਲਤ ਹੋਣ ਨਾਲ ਵੀ ਹੋਰ ਗਲਤ ਗਿਣੇ ਜਾਣਗੇ, ਪਰ ਆਪਣੇ ਘਰ ਦਾ ਕੋਝਾਪਣ ਠੀਕ ਨਹੀਂ ਠਹਿਰਾਇਆ ਜਾ ਸਕਣਾ। ਜੇ ਭਾਰਤ ਦੀ ਹਕੂਮਤ ਨੂੰ ਆਪਣੀ ਤਰੱਕੀ ਉੱਤੇ ਦੁਨੀਆ ਦੀਆਂ ਅੱਖਾਂ ਟਿਕੀਆਂ ਦਾ ਮਾਣ ਸੀ ਤਾਂ ਆਪਣੇ ਕੋਝਾਪੁਣੇ ਉੱਤੇ ਦੁਨੀਆ ਦੀਆਂ ਅੱਖਾਂ ਟਿਕੀਆਂ ਦਾ ਵੀ ਗੁੱਸਾ ਨਹੀਂ ਕਰਨਾ ਚਾਹੀਦਾ, ਪੀੜ੍ਹੀ ਹੇਠ ਸੋਟਾ ਫੇਰ ਲੈਣਾ ਚਾਹੀਦਾ ਹੈ। ਭਾਰਤ ਉਸ ਤਰ੍ਹਾਂ ਦਾ ਭਾਰਤੀ ਲੋਕਤੰਤਰ ਬਣਨਾ ਚਾਹੀਦਾ ਹੈ, ਜਿਸ ਨੂੰ ਸਿਰਫ ਆਬਾਦੀ ਦੇ ਪੱਖੋਂ ਨਹੀਂ, ਅਮਲ ਵਾਲੀ ਪਰਖ ਨੂੰ ਵੇਖਣ ਦੇ ਬਾਅਦ ਸੱਚੇ ਅਰਥਾਂ ਵਿੱਚ ਦੁਨੀਆ ਦਾ 'ਸਭ ਤੋਂ ਲੋਕਤੰਤਰ' ਕਿਹਾ ਜਾ ਸਕੇ, ਪਰ ਉਹ ਘੜੀ ਅਜੇ ਤੱਕ ਨਹੀਂ ਆਈ।

## ਵਿਅੰਗ: ਸਾਡਾ ਘਰ, 'ਬਜ਼ੁਰਗਾਂ ਦਾ ਪਾਰਕ' ਅਤੇ ਆਵਾਰਾ ਕੁੱਤੇ

-ਨੂਰ ਸੰਤੋਖਪੁਰੀ

ਸ੍ਰੀਮਾਨ ਅੱਛੇ ਲਾਲ ਜੀ ਨੇ ਸਾਡੇ ਨਾਲ ਚੰਗੀ ਗੱਲ ਨਹੀਂ ਕੀਤੀ। ਉਨ੍ਹਾਂ ਸਾਡੇ ਨਾਲ ਬੜਾ ਵੱਡਾ ਧੋਖਾ ਕੀਤਾ। ਇਸ ਪੌਸ਼ ਕਾਲੋਨੀ ਵਿੱਚ ਆਪਣਾ ਮਕਾਨ ਸਾਨੂੰ ਵੇਚਦੇ ਸਮੇਂ ਇਹ ਨਹੀਂ ਦੱਸਿਆ ਕਿ ਇੱਥੇ ਸੇਵਾਮੁਕਤ ਬੁੱਢੀਆਂ-ਬੁੱਢੇ ਕਾਫੀ ਗਿਣਤੀ ਵਿੱਚ ਹਨ। ਇਸ ਕਾਲੋਨੀ ਨੂੰ ਜੇ 'ਰਿਟਾਇਰਡ ਪਰਸਨਜ਼' ਦੀ ਕਾਲੋਨੀ ਕਿਹਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਅਸੀਂ ਕਾਲੋਨੀ ਵਿੱਚ ਬਣਾਏ ਗਏ ਖੂਬਸੂਰਤ ਪਾਰਕ ਉੱਤੇ ਪ੍ਰਸੰਨ ਹੋ ਕੇ ਪਾਰਕ ਦੇ ਸਾਹਮਣੇ ਮੌਜੂਦ ਅੱਛੇ ਲਾਲ ਜੀ ਤੋਂ ਉਨ੍ਹਾਂ ਦਾ ਮਕਾਨ ਖਰੀਦ ਲਿਆ।ਪਾਰਕ ਵਿੱਚ ਕਈ ਛੋਟੇ-ਵੱਡੇ ਰੁੱਖ ਲੱਗੇ ਹੋਏ ਹਨ। ਸੋਹਣੇ-ਸੋਹਣੇ ਫੁੱਲਾਂ ਦੀਆਂ ਕਿਆਰੀਆਂ ਹਨ। ਸੈਰ ਕਰਨ ਲਈ ਵੱਖ-ਵੱਖ ਦੋ ਰਾਹ ਵੀ ਬਣੇ ਹਨ। ਇੱਕ ਕੱਚਾ ਤੇ ਦੂਸਰਾ ਪੱਕਾ। ਜੇ ਕੋਈ ਨੰਗੇ ਪੈਰੀਂ ਕੱਚੇ ਰਸਤੇ ਉੱਤੇ ਸੈਰ ਕਰ ਕੇ ਮਿੱਟੀ ਨਾਲ ਮੋਹ ਵਧਾਉਣਾ ਚਾਹੇ ਤਾਂ ਵਧਾ ਲਵੇ। ਪਾਰਕ ਵਿੱਚ ਫੁਹਾਰੇ ਵੀ ਲੱਗੇ ਹਨ ਤੇ ਬੱਚਿਆਂ ਲਈ ਝੂਲੇ ਆਦਿ ਵੀ ਹੈ। ਆਰਾਮ ਕਰਨ ਜਾਂ ਆਰਾਮ ਨਾਲ ਬੈਠਣ ਵਾਸਤੇ ਸੀਮੈਂਟ ਦੇ ਬਣੇ ਬੈਂਚ ਵੀ ਹਨ। ਜਦੋਂ ਸਾਨੂੰ ਆਪਣੇ ਨਵੇਂ ਮਕਾਨ ਵਿੱਚ ਰਹਿੰਦਿਆਂ ਕੁਝ ਦਿਨ ਹੋ ਗਏ, ਉਦੋਂ ਸਾਨੂੰ ਪਤਾ ਲੱਗਾ ਕਿ ਇਸ ਕਾਲੋਨੀ ਵਿੱਚ ਸਿਰਫ ਸੇਵਾਮੁਕਤ ਬਜ਼ੁਰਗਾਂ ਦੀ ਗਿਣਤੀ ਹੀ ਬਹੁਤੀ ਨਹੀਂ, ਆਵਾਰਾ ਪਸ਼ੂਆਂ ਸਣੇ ਕੁੱਤਿਆਂ ਦੀ ਗਿਣਤੀ ਵੀ ਕਾਫੀ ਹੈ। ਅਸੀਂ ਫਿਲਟਰਡ ਪਾਣੀ ਪੀ ਪੀ ਕੇ ਅੱਛੇ ਲਾਲ ਨੂੰ ਕੋਸਣ ਲੱਗੇ। ਸਾਰਾ ਦਿਨ ਪਾਰਕ ਵਿੱਚ ਰਿਟਾਇਰਡ ਬੁੱਢੇ ਰੌਲਾ-ਰੱਪਾ ਕਰਦੇ ਰਹਿੰਦੇ। ਟੋਲੀਆਂ ਬਣਾ ਕੇ ਮਹਿਫਲਾਂ ਸਜਾਈ ਰੱਖਦੇ ਤੇ ਦਿਨ ਵੇਲੇ ਲੁਕ ਕੇ ਬੈਠੇ ਸੁੱਤੇ ਆਵਾਰਾ ਕੁੱਤੇ ਰਾਤ ਨੂੰ ਭੌਂਕ-ਭੌਂਕ ਕੇ ਕਾਲੋਨੀ ਦੀ ਸ਼ਾਂਤੀ ਦੀ ਅਹੀ ਤਹੀ ਕਰ ਦਿੰਦੇ। ਉਨ੍ਹਾਂ ਦੀ ਸੁਰ ਵਿੱਚ ਜਦੋਂ ਕਾਲੋਨੀ ਦੇ ਘਰਾਂ ਦੇ ਪਾਲੂਤ ਕੁੱਤੇ ਆਪ ਸੁਰ ਤਾਲ ਮਿਲਾ ਦਿੰਦੇ, ਉਦੋਂ ਸਾਡਾ ਸਾਰਾ ਸੁੱਖ, ਆਰਾਮ ਅਤੇ ਚੈਨ, ਸਕੂਨ ਉਡ-ਪੁੱਡ ਜਾਂਦਾ। ਅੱਖਾਂ ਵਿੱਚੋਂ ਨੀਂਦ ਗਾਇਬ ਹੋ ਜਾਂਦੀ। ਨਾਲ ਦੇ ਮੰਜੇ ਉੱਤੇ ਪਈ ਸਾਡੀ ਪਤਨੀ ਟੋਕਲਾ ਦੇਵੀ ਸਾਡੀ ਕੁੱਤੇ ਖਾਣੀ ਕਰਨ ਲੱਗ ਜਾਂਦੀ।

ਅਸੀਂ ਵਿਸ ਘੋਲਣ ਲੱਗਦੇ। ਫਿਰ ਮਨ ਹੀ ਮਨ ਜਨਾਬ ਅੱਛੇ ਲਾਲ ਨੂੰ ਲਾਹਨਤਾਂ ਪਾਉਣ ਲੱਗਦੇ, "ਤੇਰਾ ਬੇੜਾ ਗਰਕ ਹੋ ਜਾਵੇ ਅੱਛੇ ਲਾਲ, ਤੂੰ ਸਾਡੇ ਨਾਲ ਚੰਗੀ ਨਹੀਂ ਕੀਤੀ। ਮਿੱਠੀਆਂ-ਮਿੱਠੀਆਂ ਗੱਲਾਂ ਕਰ ਕੇ ਸਾਡੀ ਜ਼ਿੰਦਗੀ ਵਿੱਚ ਕੁੜੱਤਣ ਭਰ ਦਿੱਤੀ। ਤੇਰਾ ਬਲੱਡ ਪ੍ਰੈਸ਼ਰ ਤੇ ਸ਼ੂਗਰ ਲੈਵਲ ਹਮੇਸ਼ਾ ਵਧਿਆ ਰਹੇ। ਤੈਨੂੰ ਵੀ ਸਾਰਾ ਦਿਨ ਚੈਨ ਅਤੇ ਰਾਤਾਂ ਨੂੰ ਨੀਂਦ ਨਾ ਆਵੇ। ਹਾਏ, ਓਏ।"

ਸਾਨੂੰ ਲੱਗਦਾ ਕਿ ਜਿਹੜੇ ਬਜ਼ੁਰਗ ਵਿਅਕਤੀ ਸਾਰਾ ਦਿਨ ਪਾਰਕ ਵਿੱਚ ਡੇਰਾ, ਮਜ਼ਮਾ ਲਾ ਕੇ ਬੈਠਦੇ ਨੇ, ਉਨ੍ਹਾਂ ਨੂੰ ਆਪੋ-ਆਪਣੇ ਘਰਾਂ ਅੰਦਰ ਘੁਟਨ ਮਹਿਸੂਸ ਹੁੰਦੀ ਹੋਵੇਗੀ। ਜਿਵੇਂ ਅਸੰਤੁਸ਼ਟ ਤੇ ਮੌਕਾਪ੍ਰਸਤ ਲੀਡਰਾਂ ਨੂੰ ਮਹਿਸੂਸ ਹੋਣ ਲੱਗਦੀ ਹੈ ਤੇ ਉਹ ਡੱਡੂ-ਛੜੱਪਾ ਮਾਰ ਕੇ ਦੂਸਰੇ ਸਿਆਸੀ ਦਲਾਂ ਦੇ ਛੱਪੜ ਵਿੱਚ ਜਾ ਵੜਦੇ ਹਨ। ਕਦੇ-ਕਦੇ ਸਾਡੇ ਮਨ ਵਿੱਚ ਖਿਆਲ ਆਉਂਦਾ ਹੈ ਕਿ ਇਨ੍ਹਾਂ ਸੇਵਾਮੁਕਤ, ਫਾਲਤੂ ਜਿਹੇ, ਕੰਡਮ ਹੋ ਚੁੱਕੇ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਬਣਾਏ, ਵਸਾਏ ਸੁਫਨਿਆਂ ਦੇ ਮਹਿਲਾਂ ਵਿੱਚ ਤੀਲ੍ਹਾ-ਤੀਲ੍ਹਾ ਇਕੱਠਾ ਕਰ ਕੇ ਬਣਾਏ ਆਲ੍ਹਣਿਆਂ ਵਿੱਚ ਆਰਾਮ ਤੇ ਚੈਨ ਨਾਲ ਰਹਿਣ ਨਹੀਂ ਦਿੱਤਾ ਜਾਂਦਾ ਹੋਵੇਗਾ। ਸ਼ਾਇਦ ਤਾਹੀਓਂ ਉਹ ਪਾਰਕਾਂ ਵਿੱਚ ਇਧਰ-ਉਧਰ ਬਹਿ ਕੇ ਜਾਂ ਫਿਰ ਘੁੰਮ ਫਿਰ ਕੇ ਆਪਮੇ ਸਾਹਾਂ ਦੀ ਬਾਕੀ ਬਚੀ ਪੂੰਜੀ ਖਰਚ ਕਰਦੇ ਰਹਿੰਦੇ ਨੇ।

ਉਦੋਂ ਇਨ੍ਹਾਂ ਉੱਤੇ ਆਉਂਦਾ ਤਰਸ, ਸਾਡਾ ਰੋਹ ਅਤੇ ਖਿੱਝ ਵਿੱਚ ਬਦਲ ਜਾਂਦਾ ਹੈ, ਜਦ ਇਹ ਹਾਸ਼ੀਏ ਦੇ ਲੋਕ ਪਾਰਕਾਂ ਵਿੱਚ ਟੋਲੀਆਂ ਬੰਨ੍ਹ-ਬੰਨ੍ਹ ਕੇ ਤਾਸ਼, ਸ਼ਤਰੰਜ ਵਗੈਰਾ ਖੇਡਦਾ ਹੋਏ ਰੌਲਾ-ਰੱਪਾ ਪਾਉਣ ਲੱਗਦੇ। ਜ਼ੋਰ-ਸ਼ੋਰ ਨਾਲ ਟੀ ਵੀ ਦੇ ਚੈਨਲਾਂ ਟਾਈਪ ਬਹਿਸ ਕਰਨ ਲੱਗਦੇ। ਇਨ੍ਹਾਂ ਦੇ ਰੌਲੇ ਕਾਰਨ ਰੁੱਖਾਂ ਉੱਤੇ ਬੈਠੇ ਪੰਛੀ ਉਡ ਜਾਂਦੇ ਹਨ। ਪਾਰਕ ਅੰਦਰ ਸਥਾਪਤ ਸਮਾਧੀ ਰੂਪ ਵਾਲੇ ਬੁੱਤ ਤੋਂ ਇਹ ਪ੍ਰੇਰਨਾ ਨਹੀਂ ਲੈਂਦੇ। ਇਨ੍ਹਾਂ ਦਾ ਮੰਤਵ ਜਿਵੇਂ ਆਪਣੇ ਅੰਦਰਲੇ ਰੌਲੇ ਰੱਪੇ ਨੂੰ ਠੱਲ੍ਹਣ ਲਈ, ਆਪਣੀ ਬੇਚੈਨੀ ਮਿਟਾਉਣ ਖਾਤਰ ਰੌਲਾ ਪਾਉਣ ਅਤੇ ਬਾਹਰ ਬੇਚੈਨੀ ਪੈਦਾ ਕਰਨ ਵਾਲਾ ਹੋਵੇ।

ਇਹ ਆਪਣਾ ਮੰਤਵ ਸਾਡੇ ਘਰ ਦੇ ਸਾਹਮਣੇ ਵਾਲੇ ਪਾਰਕ ਵਿੱਚ ਹੀ ਕਿਉਂ ਪੂਰਾ ਕਰਦੇ ਹਨ? ਕਾਲੋਨੀ ਦੇ ਬੱਚੇ ਵੀ ਪਾਰਕ ਵਿੱਚ ਖੇਡਦੇ ਹਨ। ਪੀਂਘਾਂ ਝੂਟਦੇ ਹਨ। ਉਨ੍ਹਾਂ ਦੇ ਧਮੱਚੜ ਕਾਰਨ ਸਾਨੂੰ ਕੋਈ ਪ੍ਰੇਸ਼ਾਨੀ ਤੇ ਬੇਚੈਨੀ ਨਹੀਂ ਹੁੰਦੀ। ਬੱਚੇ ਆਖਰ ਬੱਚੇ ਹੁੰਦੇ ਹਨ, ਪਰ ਇਨ੍ਹਾਂ ਸਿਆਣੇ-ਬਿਆਣੇ ਬਜ਼ੁਰਗਾਂ ਵੱਲੋਂ ਫੈਲਾਈ ਜਾਂਦੀ ਅਸ਼ਾਂਤੀ ਨਾਲ ਡਾਢੀ ਪ੍ਰੇਸ਼ਾਨੀ ਤੇ ਬੇਚੈਨੀ ਮਹਿਸੂਸ ਹੁੰਦੀ। ਇਨ੍ਹਾਂ ਬੁੱਢਿਆਂ ਨੂੰ ਆਸਪਾਸ ਦੇ ਲੋਕਾਂ ਦੇ ਆਰਾਮ ਅਤੇ ਚੈਨ ਵਿੱਚ ਖਲਲ ਨਹੀਂ ਪਾਉਣਾ ਚਾਹੀਦਾ। ਪਾਰਕ ਦੇ ਕੋਨਿਆਂ ਵਿੱਚ ਲੁੱਕ ਕੇ ਬੈਠਣ ਵਾਲੇ ਦੋ ਨੰਬਰ ਦੇ ਜਵਾਨ ਜੋੜਿਆਂ ਤੋਂ ਸਾਨੂੰ ਤੰਗੀ ਜਾਂ ਉਲਝਣ ਨਹੀਂ ਹੁੰਦੀ, ਕਿਉਂਕਿ ਉਹ ਹੌਲੀ-ਹੌਲੀ ਆਪਸ ਵਿੱਚ ਗੱਲਬਾਤ ਕਰਦੇ ਨੇ। ਰੌਲਾ-ਰੱਪਾ ਨਹੀਂ ਪਾਉਂਦੇ। ਉਨ੍ਹਾਂ ਵੱਲ ਵੇਖ ਕੇ ਸਾਡੇ ਬੁੱਲ੍ਹਾਂ ਉੱਤੇ ਫੈਲੀ ਮੁਸਕੁਰਾਹਟ ਕਹਿੰਦੀ ਹੈ, "ਕਦੇ ਅਸੀਂ ਵੀ ਟੋਕਲਾ ਦੇਵੀ ਨਾਲ ਇਸੇ ਤਰ੍ਹਾਂ ਲੁੱਕ-ਲੁੱਕ ਕੇ ਮੁਹੱਬਤ ਦੀਆਂ ਗੱਲਾਂ ਕਰਿਆ ਕਰਦੇ ਸਾਂ। ਬਾਅਦ ਵਿੱਚ ਸਾਡਾ ਦੋਵਾਂ ਦਾ ਇੱਕ ਨੰਬਰ ਜੋੜਾ ਬਣ ਗਿਆ ਸੀ।"

ਪਾਰਕ-ਪ੍ਰਸਥੀ ਬੁੱਢਿਆਂ ਦੇ ਪ੍ਰਚੰਡ ਰੌਲੇ-ਰੱਪੇ ਬਾਰੇ ਮੋਬਾਈਲ ਫੋਨ ਉੱਤੇ ਅੱਛੇ ਲਾਲ ਜੀ ਨੂੰ ਦੱਸਦਿਆਂ ਅਸੀਂ ਉਲਾਂਭਾ ਦਿੱਤਾ, "ਤੁਸੀਂ ਆਪਣਾ ਮਕਾਨ ਵੇਚਣ ਵੇਲੇ ਸਾਨੂੰ ਕਿਉਂ ਨਾ ਦੱਸਿਆ ਕਿ ਇਸ ਕਾਲੋਨੀ ਵਿੱਚ ਸੇਵਾਮੁਕਤ ਬੁੱਢੇ ਭਾਵ ਹਾਸ਼ੀਏ ਵਾਲੇ ਲੋਕ ਵੱਡੀ ਤਦਾਦ ਵਿੱਚ ਨੇ? ਇਨ੍ਹਾਂ ਪਾਰਕ-ਪ੍ਰਸਥ ਬੁੱਢਿਆਂ ਨੇ ਸਾਡਾ ਜੀਣਾ ਹਰਾਮ ਕੀਤਾ ਪਿਐ। ਰਹਿੰਦੀ-ਖੂੰਹਦੀ ਕਸਰ ਆਵਾਰਾ ਪਸ਼ੂ ਤੇ ਕੁੱਤੇ ਪੂਰੀ ਕਰ ਦਿੰਦੇ ਨੇ।" ਉਧਰੋਂ ਅੱਛੇ ਲਾਲ ਜੀ ਨੇ ਸਾਡੇ ਜ਼ਖਮਾਂ ਉੱਤੇ ਲੂਣ ਭੁੱਕਦਿਆਂ ਕਿਹਾ, "ਟੋਕਲ ਚੰਦ ਜੀ, ਕੁਝ ਕੁ ਸਾਲਾਂ ਬਾਅਦ ਤੁਸੀਂ ਵੀ ਹਾਸ਼ੀਏ ਉੱਤੇ ਆ ਜਾਣਾ ਹੈ। ਸੇਵਾਮੁਕਤੀ ਤੋਂ ਬਾਅਦ ਤੁਹਾਨੂੰ ਵੀ ਪਾਰਕ-ਪ੍ਰਸਥ ਬਣਨਾ ਜਾਂ ਬਿਰਧ-ਆਸ਼ਰਮ ਜਾਣਾ ਪੈ ਸਕਦਾ ਹੈ।"

# ਜਦੋਂ ਪੰਜਾਬ ਵਿੱਚ ਪਹਿਲੀ ਵਾਰ ਕਰਫਿਊ ਲੱਗਾ

-ਗਿਆਨ ਸਿੰਘ-



ਪੰਜਾਬ ਵਿੱਚ ਤਣਾਅ ਦੀ ਸਥਿਤੀ ਬਣੀ ਹੋਈ ਸੀ। ਰੋਜ਼ ਹਿੰਸਕ ਕਾਰਵਾਈਆਂ ਵਾਪਰਦੀਆਂ ਸਨ। ਕੇਂਦਰ ਸਰਕਾਰ ਨੇ ਪੰਜਾਬ ਵਿੱਚ ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਲੋਕਾਂ ਦੀ ਚੁਣੀ ਸਰਕਾਰ 11 ਅਕਤੂਬਰ 1983 ਨੂੰ ਭੰਗ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਤੇ ਸਾਰੀਆਂ ਸ਼ਕਤੀਆਂ ਪੰਜਾਬ ਦੇ ਰਾਜਪਾਲ ਬੀ ਡੀ ਪਾਂਡੇ ਨੂੰ ਮਿਲ ਗਈਆਂ। ਉਨ੍ਹਾਂ ਦੀ ਨਿਯੁਕਤੀ ਇੱਕ ਦਿਨ ਪਹਿਲਾਂ ਅਰਥਾਤ 10 ਅਕਤੂਬਰ 1983 ਨੂੰ ਅਨੰਤ ਪ੍ਰਕਾਸ਼ ਸ਼ਰਮਾ ਦੀ ਥਾਂ ਕੀਤੀ ਗਈ ਸੀ। ਉਨ੍ਹਾਂ ਦੇ ਕੰਮ ਚਲਉਣ ਵਾਲੇ ਪ੍ਰਸ਼ਾਸਨ ਦੀ ਨਿਗਰਾਨੀ ਲਈ ਸਲਾਹਕਾਰ ਨਿਯੁਕਤ ਕੀਤੇ ਗਏ ਸਨ। ਮਾਲਵੇ ਵਿੱਚ ਮੋਗਾ ਤਹਿਸੀਲ ਅਤੇ ਮਾਝੇ ਦੇ ਇਲਾਕੇ ਵਿੱਚ ਗਰਮਦਲੀਆਂ ਦੀਆਂ ਕਰਵਾਈਆਂ ਵਧੇਰੇ ਸਨ।

ਆਜ਼ਾਦੀ ਸੰਗਰਾਮ ਵਿੱਚ ਜਿੱਥੇ ਮੋਗਾ ਦੇ ਲੋਕਾਂ ਨੇ ਕੁਰਬਾਨੀਆਂ ਦੇ ਕੇ ਵੱਡਮੁੱਲਾ ਯੋਗਦਾਨ ਪਾਇਆ ਸੀ, ਉਥੇ ਹੀ ਖਾੜਕੂਵਾਦ ਦੀ ਹਨੇਰੀ ਦੌਰਾਨ ਤੱਤੀ ਹਵਾ ਦੇ ਬੁੱਲਿਆਂ ਦੀ ਮਾਰ ਵੀ ਸਹਿਣੀ ਪਈ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਬਾਘਾਪੁਰਾਣਾ ਨੇੜੇ ਪਿੰਡ ਰੋਡੇ ਹੋਣ ਕਰ ਕੇ ਮੋਗਾ ਕੇਂਦਰ ਬਿੰਦੂ ਬਣਿਆ ਹੋਇਆ ਸੀ। ਵੱਡੀ ਗਿਣਤੀ ਵਿੱਚ ਨੌਜਵਾਨ ਸਰਗਰਮੀ ਨਾਲ ਇਸ ਲਹਿਰ ਵਿੱਚ ਕੁੱਦ ਪਏ ਸਨ। ਪੰਜਾਬ ਦੇ ਕਿਸੇ ਹਿੱਸੇ ਵਿੱਚ ਕੋਈ ਘਟਨਾ ਵਾਪਰਦੀ ਤਾਂ ਉਸ ਦਾ ਅਸਰ ਇੱਥੇ ਸਭ ਤੋਂ ਵਧੇਰੇ ਹੁੰਦਾ ਸੀ।ਪੰਜਾਬ ਵਿੱਚ ਧਾਰਮਿਕ ਤੌਰ ਉੱਤੇ ਵਖਰੇਵਾਂ ਤੇ ਫਿਰਕੂ ਤਣਾਅ ਵਧ ਰਿਹਾ ਸੀ, ਆਪਸੀ ਸਦਭਾਵਨਾ ਦੀ ਥਾਂ ਤਨਾਣ ਦੀ ਸਥਿਤੀ ਬਣੀ ਹੋਈ ਸੀ। 'ਧਰਮ ਯੁੱਧ' ਮੋਰਚੇ ਵਿੱਚ ਲਗਾਤਾਰ ਗ੍ਰਿਫਤਾਰੀਆਂ ਹੋ ਰਹੀਆਂ ਸਨ। ਸੰਨ 1984 ਦਾ ਆਰੰਭ ਹੁੰਦਿਆਂ ਸਾਰ ਹਿੰਸਕ ਕਾਰਵਾਈਆਂ ਜ਼ੋਰ ਫੜਨ ਲੱਗੀਆਂ ਸਨ। ਪੰਜਾਬ ਬੰਦ ਦੇ ਸੱਦਿਆਂ ਅਤੇ ਸਾੜ-ਫੂਕ ਦੀਆਂ ਘਟਨਾਵਾਂ ਕਾਰਨ ਕਾਰੋਬਾਰ ਠੱਪ ਹੋਣ ਲੱਗੇ।

ਬੱਸਾਂ ਤੋਂ ਉਤਾਰ ਕੇ ਇੱਕ ਫਿਰਕੇ ਦੇ ਲੋਕਾਂ ਨੂੰ ਮਾਰਿਆ ਜਾਣ ਲੱਗਾ। ਸ਼ਹਿਰਾਂ ਅਤੇ ਪਿੰਡਾਂ ਵਿੱਚ ਵਸਦੇ ਹਿੰਦੂ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਪਿੰਡਾਂ ਤੋਂ ਸ਼ਹਿਰਾਂ ਵੱਲ ਅਤੇ ਸ਼ਹਿਰਾਂ ਤੋਂ ਦੂਜੇ ਸੂਬਿਆਂ ਵੱਲ ਪਲਾਇਨ ਕਰਨ ਲੱਗੇ। ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਦਿਨੋ ਦਿਨ ਵਿਗੜਦੀ ਜਾ ਰਹੀ ਸੀ। ਪ੍ਰਸ਼ਾਸਨ ਵੱਲੋਂ ਅਮਨ ਪਸੰਦ ਸ਼ਹਿਰੀਆਂ ਦੀਆਂ ਕਮੇਟੀਆਂ ਬਣਾ ਕੇ ਮੀਟਿੰਗਾਂ, ਕਾਨਫਰੰਸਾਂ ਕਰ ਕੇ ਲੋਕਾਂ ਵਿੱਚ ਆਤਮ ਵਿਸ਼ਵਾਸ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਫਰਵਰੀ 1984 ਵਿੱਚ ਹਿੰਸਾ ਤੇ ਬੰਦ ਆਦਿ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋਣ ਲੱਗਾ ਸੀ। ਮੋਗਾ ਨੇੜੇ ਬਾਘਾਪੁਰਾਣਾ ਵਿੱਚ ਮਾਰਚ 1984 ਦੇ ਅੱਧ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰਾਂ ਦੀਆਂ ਗ੍ਰਿਫਤਾਰੀਆਂ ਕਾਰਨ ਬਾਘਾਪੁਰਾਣਾ ਤੇ ਮੋਗਾ ਵਿੱਚ ਫੈਡਰੇਸ਼ਨ ਦੇ ਮੈਂਬਰਾਂ ਨੇ ਭਾਰੀ ਰੋਸ ਵਿਖਾਵੇ ਕਰ ਕੇ ਗ੍ਰਿਫਤਾਰ ਵਿਅਕਤੀਆਂ ਦੀ ਰਿਹਾਈ ਦੀ ਮੰਗ ਕੀਤੀ, ਪਰ ਪ੍ਰਸ਼ਾਸਨ ਨੇ ਕੋਈ ਕਾਰਵਾਈ ਨਾ ਕੀਤੀ, ਜਿਸ ਕਾਰਨ 26 ਮਾਰਚ 1984 ਨੂੰ ਸੂਬੇਦਾਰ ਜੋਗਿੰਦਰ ਸਿੰਘ ਚੌਕ (ਅੱਜਕੱਲ੍ਹ ਲਾਈਟਾਂ ਵਾਲਾ ਚੌਕ) ਵਿੱਚ ਧਰਨਾ ਮਾਰ ਕੇ ਆਵਾਜਾਈ ਠੱਪ ਕਰ ਦਿੱਤੀ ਗਈ। ਅਖੀਰ ਪ੍ਰਸ਼ਾਸਨ ਨੂੰ ਝੁਕਣਾ ਪਿਆ ਅਤੇ ਅਗਲੇ ਦਿਨ ਗ੍ਰਿਫਤਾਰ ਵਿਅਕਤੀਆਂ ਦੀ ਰਿਹਾਈ ਹੋਣ ਉੱਤੇ ਧਰਨਾ ਖਤਮ ਹੋਇਆ ਅਤੇ ਆਵਾਜਾਈ ਬਹਾਲ ਹੋਈ।

ਮੋਗਾ ਸਰਗਰਮੀਆਂ ਦਾ ਕੇਂਦਰ ਬਣ ਚੁੱਕਾ ਸੀ। ਪ੍ਰਸ਼ਾਸਨ ਵੱਲੋਂ ਦਫਾ 144 ਅਧੀਨ ਲੋਕਾਂ ਦੇ ਇਕੱਠੇ ਹੋਣ, ਦੋਪਹੀਆ ਮੋਟਰ ਗੱਡੀਆਂ ਅਤੇ ਹਥਿਆਰ ਲੈ ਕੇ ਚੱਲਣਾ ਦੀਆਂ ਮਨਾਹੀਆਂ ਵੀ ਅਸਰ ਨਾ ਵਿਖਾ ਸਕੀਆਂ। ਪ੍ਰਸਾਸਨ ਨੂੰ ਹਥਿਆਰਾਂ ਉਪਰ ਲੱਗੀ ਪਾਬੰਦੀ ਵਾਪਸ ਲੈਣੀ ਪਈ। ਮਾਸਟਰ ਚਿਮਨ ਲਾਲ ਨੂੰ ਕਸਬਾ ਬੱਧਣੀ ਵਿਖੇ ਜ਼ਖਮੀ ਕਰਨਾ, ਮੋਗਾ ਸ਼ਹਿਰ ਵਿੱਚ ਨਿਰੰਕਾਰੀ ਹੁਕਮ ਚੰਦ ਉੱਤੇ ਫਾਇਰਿੰਗ, ਹਰਬੰਸ ਲਾਲ ਖੰਨਾ ਐੱਮ ਐੱਲ ਏ ਦਾ ਅੰਮ੍ਰਿਤਸਰ ਵਿਖੇ ਅਤੇ ਡਾਕਟਰ ਵੀ ਐੱਨ ਤਿਵਾੜੀ ਐੱਮ ਪੀ ਦਾ ਚੰਡੀਗੜ੍ਹ ਵਿਖੇ ਦਿਨ ਦਿਹਾੜੇ ਕਤਲ ਆਦਿ ਘਟਨਾਵਾਂ ਨੇ ਲੋਕਾਂ ਦੇ ਦਿਲ ਦਹਿਲਾ ਦਿੱਤੇ ਸਨ।ਤਿੰਨ ਅਪ੍ਰੈਲ ਨੂੰ ਪੰਜਾਬ ਬੰਦ ਦੇ ਸੱਦੇ ਮੌਕੇ ਭਾਜਪਾ ਅਤੇ ਸ਼ਿਵ ਸੈਨਾ ਨੇ ਮੋਗਾ ਵਿੱਚ ਮਾਰਚ ਕੱਢਿਆ ਤੇ ਰੈਲੀ ਕੀਤੀ। ਮੋਗਾ ਸ਼ਹਿਰ ਵਿੱਚ ਚਾਰ ਅਪ੍ਰੈਲ ਨੂੰ ਮੈਜਿਸਟਿਕ ਚੌਕ ਤੇ ਨਾਨਕ ਨਗਰੀ ਵਿੱਚ ਵਾਪਰੀਆਂ ਦੋ ਬੰਬ ਫਟਣ ਦੀਆਂ ਘਟਨਾਵਾਂ ਵਿੱਚ ਚਾਰ ਜਣੇ ਫੱਟੜ ਹੋਏ। ਛੇ ਅਪ੍ਰੈਲ ਨੂੰ ਮੇਨ ਬਾਜ਼ਾਰ ਵਿੱਚ ਗੁਰਦੁਆਰਾ ਸਿੰਘ ਸਭਾ ਨੇੜੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਕੁਨਾਂ ਤੇ ਕੇਂਦਰੀ ਸੁਰੱਖਿਆ ਬਲਾਂ ਦੇ ਜਵਾਨਾਂ ਵਿਚਾਲੇ ਟਕਰਾ ਹੁੰਦਾ ਹੁੰਦਾ ਟਲਿਆ। ਪੰਜਾਬ ਵਿੱਚ ਮੋਗਾ ਸਬ ਡਵੀਜ਼ਨ ਦੇ ਘੱਲ ਕਲਾਂ ਅਤੇ ਮਹੇਸਰੀ ਸਮੇਤ 37 ਰੇਲਵੇ ਸਟੇਸ਼ਨਾਂ ਨੂੰ ਅੱਤਵਾਦੀਆਂ ਨੇ ਅੱਗ ਲਾ ਦਿੱਤੀ। ਪੁਲਸ ਨੇ ਭਿੰਡਰਾਂਵਾਲਿਆਂ ਦੇ ਭਰਾ ਜਗਜੀਤ ਸਿੰਘ ਰੋਡੇ ਅਤੇ ਅਮਰ ਸਿੰਘ ਲੰਝੇਆਣਾ ਨੂੰ ਚੌਕਸੀ ਵਜੋਂ 188 ਅਧੀਨ ਗ੍ਰਿਫਤਾਰ ਕਰ ਕੇ ਫਰੀਦਕੋਟ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉਨ੍ਹਾਂ ਦੀ ਰਿਹਾਈ ਲਈ 16 ਅਪ੍ਰੈਲ 1984 ਨੂੰ ਫੈਡਰੇਸ਼ਨ ਦੇ ਮੈਂਬਰ ਗੁਰਦੁਆਰਾ ਬੀਬੀ ਕਾਹਨ ਕੌਰ ਵਿਖੇ ਇਕੱਠੇ ਹੋਣੇ ਸ਼ੁਰੂ ਹੋਏ। ਸਥਿਤੀ ਤਣਾਅ ਵਾਲੀ ਹੋ ਰਹੀ ਸੀ। ਮੋਗਾ ਵਿੱਚ ਅਮਨ-ਕਾਨੂੰਨ ਦੀ ਵਿਗੜਦੀ ਹਾਲਤ ਨੂੰ ਦੇਖ ਕੇ ਧਾਰਾ 144 ਦੀ ਮੁਨਿਆਦੀ ਕਰ ਕੇ ਪੰਜ ਜਾਂ ਪੰਜ ਤੋਂ ਵੱਧ ਵਿਅਕਤੀ ਇੱਕਠੇ ਹੋਣ ਅਤੇ ਹਥਿਆਰ ਲੈ ਕੇ ਚੱਲਣ ਉੱਤੇ ਪਾਬੰਦੀ ਲਾ ਦਿੱਤੀ ਗਈ, ਪਰਲੋਕ ਆਉਣੋ ਨਾ ਰੁਕੇ। ਉਸ ਵੇਲੇ ਮੋਗਾ ਵਿਖੇ ਤੈਨਾਤ ਐਸ ਡੀ ਐਮ ਅਮਰਜੀਤ ਸਿੰਘ ਨੇ ਮੈਨੂੰ ਆਪਣੇ ਦਫਤਰ ਬਿਠਾ ਲਿਆ ਕਿਉਂਕਿ ਮੇਰੀ ਨਿਯੁਕਤੀ ਬਤੌਰ ਏ ਪੀ ਆਰ ਓ ਮੋਗਾ ਸੀ।

ਸਾਰਾ ਦਿਨ ਚੰਡੀਗੜ੍ਹ ਅਤੇ ਫਰੀਦਕੋਟ ਵਿਖੇ ਵਿਚਾਰ-ਵਟਾਂਦਰਾ ਜਾਰੀ ਰਿਹਾ ਕਿ ਸਥਿਤੀ ਕਿਵੇਂ ਕੰਟਰੋਲ ਕੀਤੀ ਜਾਵੇ। ਹੁਕਮਾਂ ਦੀ ਉਡੀਕ ਹੁੰਦੀ ਰਹੀ, ਪਰ ਦੇਰ ਸ਼ਾਮ ਤੱਕ ਕੋਈ ਫੈਸਲਾ ਨਾ ਹੋ ਸਕਿਆ। ਅਸੀਂ ਘਰ ਚਲੇ ਗਏ, ਪਰ ਸਰਕਾਰੀ ਗੱਡੀ ਲਾਊਡ ਸਪੀਕਰ ਫਿੱਟ ਕਰ ਕੇ ਐੱਸ ਡੀ ਐੱਮ ਦਫਤਰ ਵਿੱਚ ਖੜ੍ਹੀ ਰੱਖੀ। ਅਖੀਰ ਦੇਰ ਰਾਤ ਪ੍ਰਸ਼ਾਸਨ ਇਸ ਨਤੀਜੇ ਉੱਤੇ ਪਹੁੰਚਿਆ ਕਿ ਗਰਮਦਲੀਆਂ ਦੀਆਂ ਸਰਗਰਮੀਆਂ ਰੋਕਣ ਲਈ ਕਰਫਿਊ ਲਾਉਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ। ਅੱਧੀ ਰਾਤ ਨੂੰ ਐੱਸ ਡੀ ਐੱਮ ਦੀ ਜੀਪ ਆ ਕੇ ਮੈਨੂੰ ਘਰ ਤੋਂ ਲੈ ਕੇ ਗਈ। ਹੁਕਮ ਮਿਲਦਿਆਂ ਹੀ 17 ਅਪ੍ਰੈਲ ਨੂੰ ਸਵੇਰੇ ਸੁਵੱਖਤੇ ਕਰੀਬ ਢਾਈ ਵਜੇ ਜਦੋਂ ਲੋਕ ਗੂੜ੍ਹੀ ਨੀਂਦ ਦਾ ਆਨੰਦ ਲੈ ਰਹੇ ਸਨ, ਸਵੇਰੇ ਚਾਰ ਵਜੇ ਤੋਂ ਸ਼ਾਮ ਸੱਤ ਵਜੇ ਤੱਕ ਕਰਫਿਊ ਲਾਉਣ ਦੀ ਅਨਾਊਂਸਮੈਂਟ ਕਰ ਦਿੱਤੀ ਗਈ।ਕਰਫਿਊ ਦਾ ਐਲਾਨ ਸੁਣਦਿਆਂ ਲੋਕਾਂ ਦੀ ਜਾਗ ਖੁੱਲ੍ਹ ਗਈ। ਖਲਬਲੀ ਮਚ ਗਈ ਤੇ ਲੋਕ ਸੜਕਾਂ ਉੱਤੇ ਨਿਕਲ ਆਏ। ਮੋਗਾ ਵਿਖੇ ਕਰਫਿਊ ਲਾ ਕੇ ਬਾਘਾਪੁਰਾਣਾ ਵਿਖੇ ਵੀ ਅਨਾਊਂਸਮੰਟ ਕਰ ਦਿੱਤੀ ਗਈ। ਲੋਕਾਂ ਨੇ ਸਵੇਰੇ ਬਰਤਨ ਚੁੱਕੇ ਤੇ ਮੱਝਾਂ ਦੇ ਅਹਾਤਿਆਂ ਅਤੇ ਡੇਅਰੀਆਂ ਵੱਲ ਦੁੱਧ ਲੈਣ ਲਈ ਚੱਲ ਪਏ, ਕਿਉਂਕਿ ਕਰਫਿਊ ਕਾਰਨ ਚਾਰ ਵਜੇ ਤੋਂ ਬਾਅਦ ਘਰਾਂ ਤੋਂ ਨਿਕਲਣਾ ਮੁਸ਼ਕਲ ਹੋ ਜਾਣਾ ਸੀ। ਮੋਗਾ ਸ਼ਹਿਰ ਦੇ ਗੁਰਦੁਆਰਿਆਂ ਬੀਬੀ ਕਾਹਨ ਕੌਰ, ਗੁਰਦੁਆਰਾ ਸਿੰਘ ਸਭਾ ਤੇ ਗੁਰਦੁਆਰਾ ਅਕਾਲਸਰ ਉੱਤੇ ਇਕੱਠੇ ਹੋਏ ਨੌਜਵਾਨ ਘਿਰ ਗਏ। ਇਹ ਸੀ ਪੰਜਾਬ ਵਿੱਚ ਲੱਗੇ ਪਹਿਲੇ ਕਰਫਿਊ ਦੀ ਦਾਸਤਾਨ।

# ਦਫਤਰੀ ਅਤਿਆਚਾਰ ਦਾ ਖ਼ੌਫ

-ਡਾਕਟਰ ਅਵਤਾਰ ਸਿੰਘ ਮਚਾਕੀ-

ਅਤਿਆਚਾਰ ਦੀਆਂ ਵੀ ਕਈ ਕਿਸਮਾਂ ਹਨ। ਸਮਾਜਕ, ਮਾਨਸਿਕ, ਆਰਥਿਕ, ਜਿਨਸੀ ਤੇ ਹਿਰਾਸਤੀ ਆਦਿ, ਪਰ ਇਸ ਦੀ ਇੱਕ ਵੱਖਰੀ ਕਿਸਮ ਹੈ'ਦਫਤਰੀ ਅਤਿਆਚਾਰ।' ਇਹ ਸ਼ਰੇਣੀ ਸਰਕਾਰੀ, ਅਰਧ-ਸਰਕਾਰੀ, ਖੁਦਮੁਖਤਾਰ ਤੇ ਪ੍ਰਾਈਵੇਟ ਅਦਾਰਿਆਂ ਦੇ ਦਫਤਰਾਂ ਵਿੱਚ ਵੇਖਣ ਨੂੰ ਮਿਲਦੀ ਹੈ। ਸੁਰੱਖਿਆ ਏਜੰਸੀਆਂ, ਸੁਰੱਖਿਆ ਬਲ (ਜਲ ਸੈਨਾ, ਥਲ ਸੈਨਾ ਤੇ ਹਵਾਈ ਸੈਨਾ) ਅਤੇ ਨੀਮ ਫੌਜੀ ਫੋਰਸਾਂ ਵੀ ਇਸ ਦੀ ਲਪੇਟ ਵਿੱਚ ਹਨ। ਇਨ੍ਹਾਂ ਅਦਾਰਿਆਂ ਦੇ ਪੀੜਤ ਅਫਸਰਾਂ ਤੇ ਮੁਲਾਜ਼ਮਾਂ ਦੀਆਂ ਸ਼ਿਕਾਇਤਾਂ, ਸਮੱਸਿਆਵਾਂ ਹੱਲ ਕਰਨ ਲਈ ਕੇਂਦਰੀ ਤੇ ਸੂਬਾ ਪੱਧਰੀ ਨਿਆਇਕ ਟ੍ਰਿਬਿਊਨਲ ਜਾਂ ਅਨੁਸ਼ਾਸਨੀ ਕਾਰਵਾਈਆਂ ਨੂੰ ਨਿਪਟਾਉਣ ਲਈ ਸਪੈਸ਼ਲ ਕਮੇਟੀਆਂ ਬਣਾਈਆਂ ਗਈਆਂ ਹਨ।

ਦਿਨੋ-ਦਿਨ ਵਧਦੇ ਜਾਂਦੇ ਦਫਤਰੀ ਅਤਿਆਚਾਰਾਂ ਬਾਰੇ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਮਰੱਥ ਅਫਸਰਾਂ ਦਾ ਵਿਹਾਰ ਬੇਹੱਦ ਨਿਰਾਸ਼ਾਜਨਕ ਤੇ ਨਿੰਦਣਯੋਗ ਹੈ। ਕਾਨੂੰਨ ਅਨੁਸਾਰ ਨਿਰਪੱਖ ਕਾਰਵਾਈ ਦੀ ਥਾਂ ਪੱਖਪਾਤੀ ਨਜ਼ਰੀਏ ਨਾਲ ਫੈਸਲਾ ਕਰਨਾ ਜਾਂ ਪੀੜਤ ਧਿਰ ਨੂੰ ਹੋਰ ਪ੍ਰੇਸ਼ਾਨ ਕਰਨ ਲਈ ਮਾਮਲੇ ਲਟਕਾ ਕੇ ਰੱਖਣਾ ਆਮ ਜਿਹਾ ਵਰਤਾਰਾ ਹੈ। ਦਫਤਰੀ ਅਤਿਆਚਾਰਾਂ ਨੂੰ ਡੂੰਘਾਈ ਨਾਲ ਵਾਚਿਆਂ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਸੰਬੰਧਤਅਮਲੇ ਫੈਲੇ ਦੀਆਂ ਸ਼ਾਖਾਵਾਂ ਦੇ ਬਾਬੂ ਇਸ ਗੈਰ ਕਾਨੂੰਨੀ ਵਰਤਾਰੇ ਦੀ ਪ੍ਰਮੁੱਖ ਕੜੀ ਹਨ। ਏਦਾਂ ਲੱਗਦਾ ਹੈ ਜਿਵੇਂ ਉਚ ਪ੍ਰਸ਼ਾਸਕੀ ਅਫਸਰਾਂ ਦੀ ਬੁੱਧੀ ਨੂੰ ਕੇਸ ਫਾਈਲ ਤਿਆਰ ਕਰ ਕੇ ਦੇਣ ਵਾਲੇ ਬਾਬੂਆਂ ਨੇ ਵੱਸ ਵਿੱਚ ਕਰ ਰੱਖਿਆ ਹੈ। ਇੰਝ ਲੱਗਦਾ ਹੈ ਜਿਵੇਂ ਪ੍ਰਸ਼ਾਸਕੀ ਅਧਿਕਾਰੀ ਦਫਤਰੀ ਬਾਬੂਆਂ ਦੇ ਹੱਥਾਂ ਦੀ ਕਠਪੁਤਲੀ ਬਣ ਕੇ ਖੇਡਦੇ ਹਨ। ਧਿਆਨ ਕੇਂਦਰਿਤ ਕਰ ਕੇ ਖੁਦ ਨਿਆਇਕ ਸੂਝ ਨਾਲ ਪੀੜਤ ਕਰਮਚਾਰੀ, ਅਧਿਕਾਰੀ ਦੀ ਫਾਈਲ ਨੂੰ ਵਾਚਣਾ ਦੂਰ, ਬਾਬੂਆਂ ਦੇ ਕਹੇ ਅਨੁਸਾਰ ਰੁਟੀਨ ਵਿਚ ਕੇਸ ਫਾਈਲਾਂ ਸਾਈਨ ਹੋ ਕੇ ਅਤਿਆਚਾਰੀ ਬਣ ਜਾਂਦੀਆਂ/ਰੋਲ ਦਿੱਤੀਆਂ ਜਾਂਦੀਆਂ ਜਾਂ ਦੱਬ ਦਿੱਤੀਆਂ ਜਾਂਦੀਆਂ ਜਾਂ ਠੰਢੇ ਬਸਤੇ ਵਿੱਚ ਪਾ ਕੇ ਅਣਮਿੱਥੇ ਸਮੇਂ ਲਈ ਲਟਕਾ ਦਿੱਤੀਆਂ ਜਾਂਦੀਆਂ ਹਨ। ਪੀੜਤ ਅਧਿਕਾਰੀ/ਕਰਮਚਾਰੀ ਵਾਰ-ਵਾਰ ਇਨ੍ਹਾਂ ਭ੍ਰਿਸ਼ਟ ਤੇ ਪੱਖਪਾਤੀ ਬਾਬੂਆਂ ਦੇ ਤਰਲੇ, ਮਿੰਨਤਾਂ, ਹਾੜ੍ਹਏ ਕੱਢਣ ਨੂੰ ਮਜਬੂਰ ਹੁੰਦਾ ਹੈ। ਬੁਰੀ ਮਨਸ਼ਾ ਨਾਲ ਕੇਸ ਪੈਂਡਿੰਗ ਰੱਖ ਕੇ ਪੀੜਤ ਮੁਲਾਜ਼ਮ, ਅਧਿਕਾਰੀ ਦਾ ਸਰਵਿਸ ਰਿਕਾਰਡ ਪ੍ਰਭਾਵਤ ਕਰਨ ਲਈ ਉਸ ਦੀਆਂ ਸਾਲਾਨਾ ਤਰੱਕੀਆਂ ਤੇ ਭੱਤੇ ਐਵੇਂ ਰੋਕ ਲਏ ਜਾਂਦੇ ਹਨ।

ਪਸ਼ੂ ਪਾਲਣ ਵਿਭਾਗ ਦੇ ਮੇਰੇ ਇੱਕ ਅਧਿਕਾਰੀ ਦੋਸਤ ਨੇ ਦੱਸਿਆ ਕਿ ਉਸ ਦਾ ਕੇਸ ਪੈਂਡਿੰਗ ਹੋਣ ਕਰ ਕੇ ਉਸ ਨੇ ਪੰਜਾਬ ਸਿਵਲ ਸਕੱਤਰੇਤ ਦੀ ਸੰਬੰਧਤ ਸ਼ਾਖਾ ਦੇ ਬਾਬੂ ਨੂੰ ਉਸ ਦੀ ਕੇਸ ਫਾਈਲ ਸਮੇਂ ਸਿਰ ਸਮਰੱਥ ਅਧਿਾਕਰੀ ਨੂੰ ਮੈਰਿਟ ਦੇ ਆਧਾਰ ਉੱਤੇ ਪੇਸ਼ ਕਰਨ ਲਈ ਬੇਨਤੀ ਕੀਤੀ ਤਾਂ ਅੱਗੋਂ ਬਾਬੂ ਨੇ ਝੱਟ ਕਹਿ ਦਿੱਤਾ ਕਿ "ਆ ਕੇ ਮਿਲੋ, ਸਾਬ੍ਹ ਨੂੰ ਕੀ ਪਤਾ? ਉਸ ਨੇ ਤਾਂ ਉਵੇਂ ਹੀ ਸਾਈਨ ਕਰ ਦੇਣੇ, ਜਿਵੇਂ ਅਸੀਂ ਲਿਖ ਕੇ ਭੇਜਾਂਗੇ।" ਖੈਰ! ਬਾਅਦ ਵਿੱਚ ਮੇਰੇ ਦੋਸਤ ਅਧਿਕਾਰੀ ਨੇ ਸੰਬੰਧਤ ਬਾਬੂ ਦੀ ਸਮਰੱਥ ਅਧਿਕਾਰੀ ਕੋਲ ਸ਼ਿਕਾਇਤ ਕੀਤੀ।

ਇਹ ਹੈ ਵਰਤਾਰਾ ਵਿਗੜੇ ਦਫਤਰੀ ਤੰਤਰ ਅੰਦਰ ਬਾਬੂਆਂ ਦੀ ਦਬੰਗਗਿਰੀ ਦਾ। ਓਧਰ ਬਾਬੂਆਂ ਵੱਲੋਂ ਜਾਣਬੁੱਜ ਕੇ ਲਟਕਾਏ ਕੇਸ ਦੇ ਨਿਪਟਾਰੇ ਲਈ ਜੇ ਕੋਈ ਭੁੱਲਿਆ-ਚੁੱਕਿਆ ਅਧਿਕਾਰੀ ਜਾਂ ਕਰਮਚਾਰੀ ਅਦਾਲਤਾਂ ਵਿੱਚ ਫਰਿਆਦ ਕਰਦਾ ਹੈ ਤਾਂ ਓਥੇ ਵੀ ਕੇਸ ਸਾਲਾਂਬੱਧੀ ਫੈਸਲੇ ਦੀ ਘੜੀ ਨੂੰ ਉਡੀਕੀ ਜਾਂਦੇ ਹਨ। ਕਈ ਵਾਰ ਫੈਸਲੇ ਦੀ ਉਡੀਕ ਵਿੱਚ ਪੀੜਤ ਕਰਮਚਾਰੀ, ਅਧਿਕਾਰੀ ਇਨਸਾਫ ਲੱਭਦਾ-ਲੱਭਦਾ ਇਸ ਜਹਨ ਤੋਂ ਕੂਚ ਕਰ ਜਾਂਦਾ ਹੈ।

ਸਦਕੇ ਜਾਈਏ ਭਾਰਤ ਦੇ ਪ੍ਰਸ਼ਾਸਕੀ ਅਤੇ ਨਿਆਂ ਅਦਾਰਿਆਂ ਦੇ, ਜਿਹੜੇ ਸਮੱਸਿਆਵਾਂ ਦਾ ਸਮਾਂ-ਬੱਧ ਨਿਪਟਾਰਾ ਕਰਨ ਲਈ ਪਤਾ ਨਹੀਂ ਕਿਉਂ ਸੁਹਿਰਦ ਨਹੀਂ ਹੁੰਦੇ। ਨਿਆਇਕ ਅਦਾਰਿਆਂ ਵਿੱਚ ਹੁੰਦੀ ਖੱਜਲ-ਖੁਆਰੀ ਦਾ ਦ੍ਰਿਸ਼ ਪੇਸ਼ ਕਰਦਿਆਂ ਸੁਰਜੀਤ ਪਾਤਰ ਨੇ ਲਿਖਿਆ ਸੀ ਕਿ :

"ਇਸ ਅਦਾਲਤ ਵਿੱਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ।
ਆਖੋ ਏਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਇੱਥੇ ਖੜ੍ਹੇ ਰਹਿਣਗੇ।"

ਗਹੁ ਨਾਲ ਵੇਖੋ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਨਿਆਂ ਅਦਾਲਤਾਂ ਵਿੱਚ ਦਫਤਰੀ ਸਮੱਸਿਆਵਾਂ ਪਹੁੰਚਦੀਆਂ ਹੀ ਕਿਉਂ ਹਨ? ਸਮਰੱਥ ਪ੍ਰਸ਼ਾਸਕੀ ਅਧਿਕਾਰੀ ਸਮੱਸਿਆਵਾਂ ਦਾਸਮਾਂ-ਬੱਧ ਨਿਪਟਾਰਾ ਕਰਨ ਦੀ ਜ਼ਿੰਮੇਵਾਰੀ ਪ੍ਰਤੀ ਸੁਹਿਰਦ ਕਿਉਂ ਨਹੀਂ? ਕੀ ਸਮਰੱਥ ਪ੍ਰਸ਼ਾਸਕੀ ਅਫਸਰਾਂ ਦੀ ਬਾਬੂਆਂ ਨਾਲ ਮਿਲੀਭੁਗਤ ਹੈ? ਕੀ ਇਨ੍ਹਾਂ ਅਫਸਰਾਂ ਉੱਤੇ ਪੀੜਤ ਕਰਮਚਾਰੀ, ਅਧਿਕਾਰੀ ਦੀ ਸਮੱਸਿਆ ਦਾ ਹੱਲ ਕਰਨ ਲਈ ਕੋਈ ਕਾਨੂੰਨੀ ਸਮਾਂ ਸੀਮਾ ਲਗੂ ਨਹੀਂ ਹੁੰਦੀ? ਜੇ ਕਾਰਜਪਾਲਿਕਾ ਸੁਹਿਰਦ ਹੋ ਕੇ ਬਣਦੀ ਜ਼ਿੰਮੇਵਾਰੀ ਨਿਭਾਵੇ ਤਾਂ ਨਿਆਂਪਾਲਿਕਾ ਵਿੱਚ ਕੇਸਾਂ ਦੇ ਢੇਰ ਨਾ ਲੱਗਣ। ਉਚ ਪ੍ਰਸ਼ਾਸਕੀ ਅਧਿਕਾਰੀਆਂ ਦੀ ਨਾ ਸੁਧਰਦੀ ਅਣਗਹਿਲੀ ਨੂੰ ਦੇਖਦਿਆਂ ਹਾਲ ਹੀ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਖਤ ਲਹਿਜ਼ਾ ਅਪਣ ਹੀ ਲਿਆ।'ਜਸਵਿੰਦਰ ਸਿੰਘ ਤੇ ਹੋਰ ਬਨਾਮ ਪੰਜਾਬ ਸਟੇਟ' ਕੇਸ ਦੀ ਸੁਣਵਾਈ ਵੇਲੇ ਜਸਟਿਸ ਜੈਸ੍ਰੀ ਠਾਕੁਰ ਨੇ ਸੰਬੰਧਤ ਵਿਭਾਗ ਦੇ ਉਚ ਅਫਸਰਾਂ ਨੂੰ ਸਖਤ ਨਿਰੇਦਸ਼ ਦਿੱਤੇ ਕਿ ਕਿਸੇ ਅਧਿਕਾਰੀ, ਕਰਮਚਾਰੀ ਦੀ ਅਰਜ਼ੀ ਲੀਗਲ ਨੋਟਿਸ ਦੇ ਦੋ ਮਹੀਨੇ ਵਿੱਚ ਸਮਾਂਬੱਧ ਨਿਪਟਾਰਾ ਕੀਤਾ ਜਾਵੇ, ਨਹੀਂ ਤਾਂ ਜ਼ਿੰਮੇਵਾਰ ਸਮੱਰਥ ਅਧਿਕਾਰੀ ਆਪਣੀ ਜੇਬ ਵਿੱਚੋਂ ਜੁਰਮਾਨੇ ਦੇ ਤੌਰ ਉੱਤੇ 20000 ਰੁਪਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਭਲਾਈ ਫੰਡ ਵਿੱਚ ਜਮ੍ਹਾਂ ਕਰਵਾਉਣ ਲਈ ਤਿਆਰ ਰਹੇ।ਇਨ੍ਹਾਂ ਅਦਾਲਤੀ ਹੁਕਮਾਂ ਦਾ ਸਮਰੱਥ ਪ੍ਰਸ਼ਾਸਕੀ ਅਫਸਰਾਂ ਉੱਤੇ ਕਿੰਨਾ ਕੁ ਅਸਰ ਹੁੰਦਾ ਹੈ, ਆਉਣ ਵਾਲਾ ਵਕਤ ਹੀ ਦੱਸੇਗਾ, ਪਰ ਜੇ ਕਿਧਰੇ ਉਚ ਨਿਆਇਕ ਅਦਾਰੇ ਦੀ ਇਸ ਸਖਤ ਨਸੀਹਤ ਨੂੰ ਵੱਖ-ਵੱਖ ਵਿਭਾਗਾਂ ਦੇ ਉੱਚ ਤੇ ਸਮਰੱਥ ਅਧਿਕਾਰੀਆਂ ਨੇ ਕਾਨੂੰਨੀ ਨਿਰਦੇਸ਼ ਸਮਝ ਕੇ ਸੁਹਿਰਦਤਾ ਭਰਪੂਰ ਲਾਗੂ ਕਰ ਦਿੱਤਾ ਤਾਂ ਦਫਤਰੀ ਅਤਿਆਚਾਰਾਂ ਦੇ ਬੇਲਗਾਮ ਵਧਦੇ ਅੰਕੜੇ ਨੂੰ ਠੱਲ੍ਹ ਪੈਂਦਿਆਂ ਦੇਰ ਨਹੀਂ ਲੱਗਣੀ ਅਤੇ ਭ੍ਰਿਸ਼ਟ ਬਾਬੂਆਂ ਦੇ ਮੱਕੜ-ਜਾਲ ਵਿੱਚੋਂ ਕਰਮਚਾਰੀਆਂ, ਅਫਸਰਾਂ ਨੂੰ ਮੁਕਤੀ ਮਿਲ ਜਾਵੇਗੀ। ਪ੍ਰਸ਼ਾਸਕੀ ਅਧਿਕਾਰੀਆਂ ਦੀ ਅਣਦੇਖੀ ਕਾਰਨ ਨਿੱਤ ਅਦਾਲਤਾਂ ਵਿੱਚ ਵਧਦੇ ਕੇਸਾਂ ਨੂੰ ਵੀ ਠੱਲ੍ਹ ਪਵੇਗੀ। ਦਫਤਰੀ ਅਤਿਆਚਾਰਾਂ ਦੇ ਇਸ ਦੁਖਾਂਤ ਦਾ ਬਿਰਤਾਂਤ ਨਰੋਏ ਤੇ ਸੁਖਾਵੇਂ ਦਫਤਰੀ ਮਾਹੌਲ ਦੀ ਸਿਰਜਣਾ ਵਿੱਚ ਅਹਿਮ ਭੂਮਿਕਾ ਅਦਾ ਕਰੇਗਾ। ਸੱਚ ਬੋਲਣਾ ਤੇ ਕਹਿਣਾ ਹਰ ਸਭਿਅਕ ਅਤੇ ਜ਼ਿੰਮੇਵਾਰ ਨਾਗਰਿਕ ਦਾ ਮੁੱਢਲਾ ਫਰਜ਼ ਹੈ। ਮੈਂ ਆਪਣੀਆਂ ਲਿਖੀਆਂ ਸਤਰਾਂ ਜ਼ਰੀਏ ਇਹੀ ਕਹਾਂਗਾ ਕਿ :

"ਅਪੀਲ ਨਾ ਦਲੀਲ ਨਾ ਵਕੀਲ ਕੋਈ ਪੱਖ ਦਾ ਏ...
ਸ਼ਰੇਆਮ ਘੁੱਟੀ ਜਾਂਦਾ ਝੂਠ ਗਲਾ ਸੱਚ ਏ।"



# ਜੁਗਾੜੂ ਮੋਟਰਸਾਈਕਲ ਰੇਹੜੀਆਂ ਉੱਤੇ ਪਾਬੰਦੀ ਲਾਉਣ ਵਾਲਾ ਹੁਕਮ ਲਾਗੂ ਹੁੰਦੇ ਸਾਰ ਵਾਪਿਸ ਲੈਣਾ ਪਿਆ

*** ਫੈਸਲੇ ਤੋਂ ਮੁੱਖ ਮੰਤਰੀ ਭਗਵੰਤ ਮਾਨ ਵੀ ਨਾਰਾਜ਼, ਵਿਰੋਧੀ ਧਿਰ ਵੀ**



ਚੰਡੀਗੜ੍ਹ, 24 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੀਆਂ ਸੜਕਾਂ ਉੱਤੇ ਆਮ ਚੱਲਦੇ ਮਿਲਦੇ ਜੁਗਾੜੂ ਮੋਟਰਸਾਈਕਲ, ਜਿਹੜੇ ਰੇਹੜੀਆਂ ਉੱਤੇਫਿੱਟ ਹਨ, ਉੱਤੇ ਪੰਜਾਬ ਪੁਲਸ ਵੱਲੋਂ ਪਾਬੰਦੀ ਦਾ ਫ਼ੈਸਲਾ ਲੱਗਦੇ ਸਾਰ ਵਾਪਸ ਲੈਣਾ ਪਿਆ ਹੈ। ਇਸ ਬਾਰੇ ਐਡੀਸ਼ਨਲ ਡੀ ਜੀ ਪੀ ਟਰੈਫਿਕ ਨੇ ਪੁਲਸ ਮੁਖੀਆਂ ਨੂੰ ਨਵੀਂ ਚਿੱਠੀ ਲਿਖ ਕੇ ਹਾਲ ਦੀ ਘੜੀ ਅਜਿਹੇ ਵਾਹਨ ਚਾਲਕਾਂ ਨੂੰ ਨਿਯਮਾਂ ਬਾਰੇ ਜਾਗਰੂਕ ਕਰਨ ਲਈਕਿਹਾ ਹੈ।ਨਵੇਂ ਹੁਕਮ ਵਿੱਚਐਡੀਸ਼ਨਲ ਡੀ ਜੀ ਪੀ ਟਰੈਫਿਕ ਨੇ ਸਾਰੇ ਪੁਲਸ ਮੁਖੀਆਂ ਨੂੰ ਅਜਿਹੇ ਵਾਹਨ ਚਾਲਕਾਂ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਕੀਤੇ ਗਏ ਹੁਕਮਾਂ ਬਾਰੇ ਜਾਣੂ ਕਰਵਾਉਣ ਲਈ ਕਹਿ ਕੇ ਪਹਿਲੇ ਹੁਕਮ ਉੱਤੇ ਅਮਲ ਰੁਕਵਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਅੱਜ ਸ਼ਨੀਵਾਰ ਸਵੇਰੇ ਪੰਜਾਬ ਪੁਲਸ ਨੇਜੁਗਾੜੂ ਮੋਟਰਸਾਈਕਲ ਰੇਹੜੀਆਂ ਉੱਤੇ ਪਾਬੰਦੀ ਲਾਉਣ ਦਾ ਹੁਕਮ ਕੀਤਾ ਤਾਂਜੁਗਾੜੂ ਮੋਟਰਸਾਈਕਲ ਰੇਹੜੀ ਵਾਲਿਆਂ ਦੇ ਚਲਾਨ ਕੱਟਣੇ ਸ਼ੁਰੂ ਹੁੰਦੇ ਸਾਰ ਉਨ੍ਹਾਂ ਵਿੱਚਰੋਸ ਫੈਲ ਗਿਆ ਸੀ। ਇਸ ਪਾਬੰਦੀ ਬਾਰੇ ਸਰਕਾਰ ਉੱਤੇ ਲੋਕਾਂ ਵੱਲੋਂ ਬਹੁਤ ਸਵਾਲ ਉੱਠਣ ਲੱਗੇ ਤੇ ਵਿਰੋਧੀ ਪਾਰਟੀਆਂ ਨੇ ਇਸ ਨੂੰ ਮੁੱਦਾ ਬਣਾਉਣਾ ਸ਼ੁਰੂ ਕਰ ਦਿੱਤਾ ਸੀ।ਪਤਾ ਲੱਗਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੀ ਇਸ ਫ਼ੈਸਲੇ ਉੱਤੇ ਸਖ਼ਤ ਨਾਰਾਜ਼ ਨਜ਼ਰ ਆਏ ਅਤੇ ਉਨ੍ਹਾਂ ਨੇ ਇਸ ਬਾਰੇ ਟ੍ਰਾਂਸਪੋਰਟ ਵਿਭਾਗ ਤੋਂ ਰਿਪੋਰਟ ਮੰਗ ਲਈ ਸੀ।ਇਸ ਦੇ ਬਾਅਦਸ਼ਾਮ ਹੋਣ ਤੱਕ ਇਸ ਪਾਬੰਦੀ ਨੂੰ ਰੋਕਣ ਦੇ ਮੋੜਵੇਂ ਹੁਕਮ ਜਾਰੀ ਹੋ ਗਏ ਹਨ।

ਪਤਾ ਲੱਗਾ ਹੈ ਕਿ ਮੋਟਰਸਾਈਕਲ ਰੇਹੜੀਆਂ ਉੱਤੇ ਪਾਬੰਦੀ ਲਾਉਣ ਦੇ ਫ਼ੈਸਲੇ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਕਾਫ਼ੀ ਗਰਮਹੋਏ ਤੇ ਉਨ੍ਹਾਂ ਨੇ ਟ੍ਰਾਂਸਪੋਰਟ ਵਿਭਾਗ ਤੋਂ ਤੁਰੰਤ ਰਿਪੋਰਟ ਮੰਗੀ।ਨਾਲ ਹੀ ਉਨ੍ਹਾਂ ਨੇ ਪਾਬੰਦੀ ਦੇ ਫ਼ੈਸਲੇ ਨੂੰ ਪਲਟਣ ਨੂੰ ਕਹਿ ਦਿੱਤਾ। ਟਰਾਂਸਪੋਰਟ ਵਿਭਾਗ ਨੇ ਮੋਟਰਸਾਈਕਲ ਜੋੜ ਕੇ ਬਣਾਈਆਂ ਜੁਗਾੜੂ ਰੇਹੜੀਆਂ ਬਾਰੇ ਪਾਬੰਦੀ ਦਾ ਹੁਕਮ ਕੀਤਾ ਸੀ, ਜਿਸ ਕਾਰਨ ਸਰਕਾਰ ਉੱਤੇ ਸਵਾਲ ਉੱਠੇ ਅਤੇ ਕਿਹਾ ਗਿਆ ਸੀਬਹੁਤ ਸਾਰੇ ਲੋਕਾਂ ਦੇ ਰੁਜ਼ਗਾਰ ਖ਼ਤਮ ਹੋ ਜਾਣਗੇ ਤੇ ਕਈ ਕੰਮ ਰੁਕ ਜਾਣਗੇ ਅਤੇ ਅਣਗੌਲੇ ਰਾਹਾਂ ਸਵਾਰੀਆਂ ਵੀ ਔਖ ਮਹਿਸੂਸ ਕਰਨਗੀਆਂ।

ਵਿਰੋਧੀ ਪਾਰਟੀਆਂ ਨੇ ਇਸ ਕਾਰਨਆਮ ਆਦਮੀ ਪਾਰਟੀ ਦੀ ਸਰਕਾਰ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ।ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੋਟਰਸਾਈਕਲ ਰੇਹੜੀਆਂਉੱਤੇਪੰਜਾਬ ਸਰਕਾਰ ਵੱਲੋਂ ਪਾਬੰਦੀ ਲਾਉਣ ਦੀ ਨਿੰਦਾ ਕੀਤੀ ਤੇ ਕਿਹਾ ਸੀ ਕਿ ਸਰਕਾਰ ਸੁਖਾਵੇਂਕੰਮ ਕਰਨ ਦੀ ਥਾਂ ਲੋਕਾਂ ਨੂੰ ਤੰਗਕਰਨ ਵਾਲੇ ਕਦਮ ਚੁੱਕ ਰਹੀ ਹੈ। ਅਜਿਹੇ ਰੇਹੜੀ ਚਾਲਕਾਂ ਨਾਲ ਆਪਣੀ ਹਮਦਰਦੀ ਪ੍ਰਗਟਾਉਂਦੇ ਹੋਏ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਸੀ ਕਿ ਇਸ ਦਾ ਉਨ੍ਹਾਂ ਲੋਕਾਂਉੱਤੇ ਮਾੜਾ ਅਸਰ ਪਵੇਗਾ ਅਤੇ ਕਾਂਗਰਸ ਪਾਰਟੀ ਏਦਾਂ ਨਹੀਂ ਹੋਣ ਦੇਵੇਗੀ।ਅਕਾਲੀ ਦਲ ਨੇ ਵੀ ਪੰਜਾਬ ਸਰਕਾਰ ਦੇ ਇਸ ਫੈਸਲੇ ਦਾ ਤਿੱਖੇ ਵਿਰੋਧ ਕੀਤਾ ਸੀ ਤੇ ਕਈ ਯੂਨੀਅਨਾਂ ਨੇ ਵੀ ਪ੍ਰੋਟੈਸਟ ਕੀਤੇ ਸਨ।

ਇਸ ਦੇ ਬਾਅਦ ਅੱਜ ਸ਼ਾਮ ਨੂੰ ਐਡੀਸ਼ਨਲ ਡੀਜੀਪੀ ਟ੍ਰੈਫਿਕ ਏਐੱਸ ਰਾਏ ਨੇ ਸੋਧਿਆ ਹੋਇਆ ਆਦੇਸ਼ ਜਾਰੀ ਕਰ ਕੇ ਕਿਹਾ ਕਿ ਇਹੋ ਜਿਹੇ ਵਾਹਨ ਆਮ ਲੋਕਾਂ ਦੀ ਜਾਨ ਲਈ ਖ਼ਤਰਾ ਹੋ ਸਕਦੇ ਹਨ, ਇਸ ਲਈ ਉਨ੍ਹਾਂ ਨੂੰ ਚਲਾਉਣ ਵਾਲਿਆਂ ਨੂੰ ਇਸ ਬਾਰੇ ਜਾਗਰੂਕ ਕਰਨਾ ਪਵੇਗਾ।ਉਨ੍ਹਾਂ ਲਿਖਿਆ ਕਿ ਪੁਲਿਸ ਛੇਤੀ ਜਾਗਰੂਕਤਾ ਮੁਹਿੰਮ ਚਲਾਏਗੀ, ਪਰ ਉਦੋਂ ਤਕ ਜੁਗਾੜੂ ਵਾਹਨਾਂ ਨੂੰ ਬੰਦ ਨਹੀਂ ਕੀਤਾ ਜਾਵੇਗਾ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਸਾਨਾਂ ਦੇ ਵਾਰੰਟ ਕੱਢਣ ਵਾਲੇ ਅਫਸਰਾਂ ਦੀ ਸੂਚੀ ਤਲਬ ਕੀਤੀ



ਚੰਡੀਗੜ੍ਹ, 24 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੇ ਖਜ਼ਾਨਾ ਮੰਤਰੀ ਹਰਪਾਲ ਚੀਮਾ ਨੇ ਕਿਸਾਨਾਂ ਤੋਂ ਕਰਜ਼ਾ ਵਸੂਲੀ ਦੇ ਵਾਰੰਟ ਜਾਰੀ ਕਰਨ ਵਾਲੇ ਅਫਸਰਾਂ ਦੀ ਸੂਚੀ ਤਲਬ ਕਰ ਲਈ ਹੈ। ਅਗਲੇ ਦਿਨਾਂ ਵਿੱਚ ਇਨ੍ਹਾਂ ਅਫਸਰਾਂ ਉੱਤੇਪੰਜਾਬ ਸਰਕਾਰ ਦਾ ਗੁੱਸ ਝੜਨਾ ਯਕੀਨੀ ਸਮਝਿਆ ਜਾ ਰਿਹਾ ਹੈ। ਫਿਲਹਾਲ ਵਿੱਤ ਮੰਤਰੀ ਵੱਲੋਂ ਉਨ੍ਹਾਂ ਕਿਸਾਨਾਂ ਦੀ ਗ੍ਰਿਫਤਾਰੀ ਨਾ ਕਰਨ ਦੇ ਲਈ ਕਹਿ ਦਿੱਤਾ ਹੈ, ਜਿਨ੍ਹਾਂ ਨੂੰ ਵਾਰੰਟ ਜਾਰੀ ਹੋਏ ਹਨ।

ਆਮ ਆਦਮੀ ਪਾਰਟੀ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਇੱਥੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਹੈ ਕਿ ਵਿਰੋਧੀ ਧਿਰਾਂ ਨੇ ਪਿਛਲੇ ਦਿਨਾਂ ਤੋਂ ਇਹ ਮੁੱਦਾ ਚੁੱਕਿਆ ਹੋਇਆ ਹੈ, ਪਰ ਸੱਚਾਈ ਇਹ ਹੈ ਕਿ ਪਿਛਲੀ ਕਾਂਗਰਸ ਦੀ ਚਰਨਜੀਤ ਸਿੰਘ ਚੰਨੀ ਸਰਕਾਰ ਵੇਲੇ ਲੈਂਡ ਮਾਰਗੇਜ਼ ਕੋਆਪਰੇਟਿਵ ਬੈਂਕ ਨੇ ਫਿਰੋਜ਼ਪੁਰ ਦੇ ਕਿਸਾਨਾਂ ਨੂੰ ਸੰਮਨ ਜਾਰੀ ਕੀਤੇ ਸਨ ਅਤੇ ਓਦੋਂ ਦੀ ਸਰਕਾਰ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦੀ ਗੱਲ ਕਹੀ ਸੀ, ਇਸ ਲਈ ਸੰਮਨਾਂ ਦਾ ਮੁੱਦਾ ਨਹੀਂ ਉਠਿਆ, ਪਰ ਸ਼ਾਇਦ ਵਿਰੋਧੀਆਂ ਦੇ ਇਸ਼ਾਰੇ ਉੱਤੇ ਕੁਝ ਅਫਸਰਾਂ ਨੇ ਉਹ ਹੀ ਸੰਮਨ ਨਵੇਂ ਤਰੀਕੇ ਨਾਲ ਵਾਰੰਟ ਵਜੋਂ ਜਾਰੀ ਕਰ ਦਿੱਤੇ ਹਨ। ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਕੋਆਪਰੇਟਿਵ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਨ੍ਹਾਂ ਕਿਸਾਨਾਂ ਦੀ ਗ੍ਰਿਫਤਾਰੀ ਨਾ ਕਰਨ ਨੂੰ ਕਹਿ ਦਿੱਤਾ ਅਤੇ ਨਾਲ ਉਨ੍ਹਾਂ ਅਫਸਰਾਂ ਦੀ ਸੂਚੀ ਮੰਗ ਲਈ ਹੈ, ਜਿਨ੍ਹਾਂ ਨੇ ਕਿਸਾਨਾਂ ਨੂੰ ਸੰਮਨ ਰਿਨੀਊ ਕਰ ਕੇ ਭੇਜੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਅਜੇ ਤਕ ਕੋਈ ਨੀਤੀ ਨਹੀਂ ਬਣਾਈ ਤੇ ਭਗਵੰਤ ਮਾਨ ਸਰਕਾਰ ਅਜਿਹੀ ਨੀਤੀ ਬਣਾਏਗੀ, ਜਿਸ ਨਾਲ ਕਿਸਾਨਾਂ ਨੂੰ ਕਰਜ਼ਾ ਲੈਣ ਦੀ ਲੋੜ ਹੀ ਨਹੀਂ ਪਵੇਗੀ।

# ਟਰਾਂਸਪੋਰਟਰਾਂ ਨੂੰ ਵੱਡੀ ਰਾਹਤ: ਮੋਟਰ ਵਹੀਕਲ ਟੈਕਸ ਦੇ ਬਕਾਏ ਬਿਨਾਂ ਜ਼ੁਰਮਾਨੇ ਤੋਂ ਭਰੋ

ਚੰਡੀਗੜ੍ਹ, 24 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਨਵੀਂ ਸਰਕਾਰ ਨੇ ਚੋਣਾਂ ਸਮੇਂ ਕੀਤਾ ਇੱਕ ਹੋਰ ਵਾਅਦਾ ਪੂਰਾ ਕਰਦਿਆਂ ਕੱਲ੍ਹ ਟਰਾਂਸਪੋਰਟਰਾਂ ਨੂੰ ਵੱਡੀ ਰਾਹਤ ਦਿੱਤੀ ਹੈ। ਮੁੱਖ ਮੰਤਰੀ ਨੇ ਟਵੀਟ ਕਰ ਕੇ ਇਸ ਬਾਰੇ ਖੁਦ ਐਲਾਨ ਕੀਤਾ ਹੈ, ਜਿਸ ਮੁਤਾਬਕ ਵੱਖ-ਵੱਖ ਵਾਹਨਾਂ ਲਈ ਤਿੰਨ ਮਹੀਨੇ ਦੀ ਐਮਨੈਸਟੀ ਸਕੀਮ ਲਾਗੂ ਕੀਤੀ ਹੈ, ਜਿਹੜੀ ਟਰਾਂਸਪੋਰਟਰਾਂ ਲਈ ਕਾਫੀ ਲਾਹੇਵੰਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜਿਹੜੇ ਟਰਾਂਸਪੋਰਟਰ ਕੋਰੋਨਾ ਮਹਾਮਾਰੀ ਦੇ ਕਾਰਨ ਆਪਣੇ ਵਾਹਨਾਂ ਦਾ ਮੋਟਰ ਵਹੀਕਲ ਟੈਕਸ ਨਹੀਂ ਭਰ ਸਕੇ, ਉਹ ਬਿਨਾਂ ਕਿਸੇ ਜੁਰਮਾਨੇ ਅਤੇ ਬਕਾਏ ਦੇ ਤਿੰਨ ਮਹੀਨਿਆਂ ਦੌਰਾਨ ਟੈਕਸ ਭਰ ਸਕਣਗੇ। ਇਹ ਸਕੀਮ 25 ਅਪ੍ਰੈਲ ਤੋਂ 24 ਜੁਲਾਈ ਤਕ ਲਾਗੂ ਰਹੇਗੀ।ਭਗਵੰਤ ਮਾਨ ਨੇ ਕਿਹਾ ਕਿ ਟਰਾਂਸਪੋਰਟਰ ਇਸ ਰਾਹ ਦੀ ਅਰਥ ਵਿਵਸਥਾ ਦੀ ਰੀੜ੍ਹ ਦੀ ਹੱਡੀ ਹਨ ਅਤੇ ਅਸੀਂ ਹਮੇਸ਼ਾ ਉਨ੍ਹਾਂ ਨਾਲ ਖੜ੍ਹੇ ਹਾਂ।

# ਸ਼੍ਰੋਮਣੀ ਕਮੇਟੀ ਦੇ 8 ਮੈਂਬਰਾਂ ਵੱਲੋਂ ਜੱਥੇਦਾਰ ਅਕਾਲ ਤਖਤ ਨੂੰ ਪੱਤਰ

*** ਦਰਬਾਰ ਸਾਹਿਬ ਤੋਂ ਪੀ ਟੀ ਸੀ ਪ੍ਰਸਾਰਨ ਬੰਦ ਕਰਾਉਣ ਦੀ ਮੰਗ**

ਅੰਮ੍ਰਿਤਸਰ, 24 ਅਪ੍ਰੈਲ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਮਾਸਟਰ ਮਿੱਠੂ ਸਿੰਘ ਕਾਹਨੇਕੇ, ਨਿਰਮੈਲ ਸਿੰਘ ਜੌਹਲਾਂ, ਮਲਕੀਤ ਸਿੰਘ ਚੰਗਾਲ, ਹਰਦੇਵ ਸਿੰਘ ਰੌਂਗਲਾ, ਹਰਪ੍ਰੀਤ ਸਿੰਘ ਗਰਚਾ, ਜੈਪਾਲ ਸਿੰਘ ਮੁੰਡੀਆ, ਰਾਮਪਾਲ ਸਿੰਘ ਬਹਿਣੀਵਾਲ ਤੇ ਬੀਬੀ ਸਰਬਜੀਤ ਕੌਰ ਨੇ ਜਥੇਦਾਰ ਸ੍ਰੀ ਅਕਾਲ ਤਖਤ ਨੂੰ ਪੱਤਰ ਲਿਖ ਕੇ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਨ ਦੇ ਦੋਸ਼ ਲਾਏ ਹਨ।

ਇਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਦੋ ਹਫਤੇ ਪਹਿਲਾਂ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਗੁਰਬਾਣੀ ਪ੍ਰਸਾਰਨ ਲਈ ਆਪਣਾ ਟੀ ਵੀ ਚੈਨਲ ਸ਼ੁਰੂ ਕਰਨ ਦਾ ਹੁਕਮ ਕੀਤਾ ਸੀ, ਦੋ ਹਫਤੇ ਬੀਤਣ ਪਿੱਛੋਂ ਵੀ ਕਮੇਟੀ ਦੇ ਪ੍ਰਧਾਨ ਨੇ ਇਸ ਕਾਰਜ ਵੱਲ ਅਜੇ ਤਕ ਮੁੱਢਲਾ ਕਦਮ ਤੱਕ ਨਹੀਂ ਪੁੱਟਿਆ। ਉਨ੍ਹਾਂ ਕਿਹਾ ਕਿ ਅਸੀਂ ਜਾਣਦੇ ਹਾਂ ਕਿ ਸ੍ਰੀ ਦਰਬਾਰ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਕਰਨ ਵਾਲੇ ਟੀ ਵੀ ਚੈਨਲ ਪੀ ਟੀ ਸੀ ਨਾਲ ਬਹੁਤ ਸਾਰੇ ਅਨੈਤਿਕ ਮੁੱਦੇ ਜੁੜੇ ਹੋਣ ਦੀ ਗੱਲ ਸਾਹਮਣੇ ਆਈ ਹੈ ਅਤੇ ਇਸ ਵੱਡੇ ਵਿਵਾਦ ਤੋਂ ਬਾਅਦ ਵੀ ਸ੍ਰੀ ਦਰਬਾਰ ਸਹਿਬ ਤੋਂ ਪੀ ਟੀ ਸੀ ਵੱਲੋਂ ਗੁਰਬਾਣੀ ਪ੍ਰਸਾਰਨ ਕੀਤਾ ਜਾਂਦਾ ਹੈ, ਜਿਹੜਾ ਸ਼੍ਰੋਮਣੀ ਕਮੇਟੀ ਅਤੇ ਸਿੱਖ ਕੌਮ ਲਈ ਨਮੋਸ਼ੀ ਵਾਲੀ ਗੱਲ ਹੈ।ਇਨ੍ਹਾਂ ਮੈਂਬਰਾਂ ਨੇ ਕਿਹਾ ਕਿ ਅਸੀਂ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਰੁਤਬੇ ਦੀ ਵਰਤੋਂ ਕਰ ਕੇ ਪੀ ਟੀ ਸੀ ਦਾ ਸ੍ਰੀ ਦਰਬਾਰ ਸਾਹਿਬ ਤੋਂ ਪ੍ਰਸਾਰਨ ਬੰਦ ਕਰਵਾਓ ਅਤੇ ਬਦਲਵੇਂਪ੍ਰਬੰਧ ਦਾ ਹੁਕਮ ਜਾਰੀ ਕਰੋ ਅਤੇ ਅੰਤ੍ਰਿੰਗ ਕਮੇਟੀ ਦੀ ਮਹੀਨਾਵਾਰੀ ਮੀਟਿੰਗ ਵਿੱਚ ਗੁਰਬਾਣੀ ਪ੍ਰਸਾਰਨ ਦੇ ਬਦਲਵੇਂ ਪ੍ਰਬੰਧ ਅਤੇ ਨਵਾਂ ਟੀ ਵੀ ਚੈਨਲ ਦੀ ਆਰੰਭਤਾ ਕਰਨ ਸਬੰਧੀ ਏਜੰਡਾ ਲੈ ਕੇ ਆਉਣ ਤਾਂ ਜੋ ਚੈਨਲ ਸ਼ੁਰੂ ਕਰਨ ਲਈ ਵਿਧਾਨਕ ਕਾਰਵਾਈ ਵੱਲ ਪਹਿਲਾ ਕਦਮ ਪੁੱਟਿਆ ਜਾਵੇ।


S.G.P.C.

# ਟੌਹਰ ਨਾਲ ਨੌਕਰੀ ਕਰਨ ਵਾਲਾ ਬੀ ਡੀ ਪੀ ਓ ਸਸਪੈਂਡ

ਮੋਗਾ, 24 ਅਪ੍ਰੈਲ (ਪੋਸਟ ਬਿਊਰੋ)- ਆਪਣੇ ਸਰਕਾਰੀ ਦਫਤਰ ਵਿੱਚ ਬੈਡ ਉੱਤੇ ਆਰਾਮ ਫਰਮਾਉਣ ਹੋਣ ਵੇਲੇ ਦੀ ਵੀਡੀਓ ਵਾਇਰਲ ਹੋਣ ਮਗਰੋਂ ਪੰਜਾਬ ਸਰਕਾਰ ਨੇ ਬਾਘਾਪੁਰਾਣਾ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀ (ਬੀ ਡੀ ਪੀ ਓ) ਨਿਰਮਲ ਸਿੰਘ ਨੂੰ ਸਸਪੈਂਡ ਕਰ ਦਿੱਤਾ ਹੈ। ਸਸਪੈਂਡ ਕੀਤਾਗਿਆ ਨਿਰਮਲ ਸਿੰਘ ਸੀਨੀਅਰ ਸਹਾਇਕ (ਅਕਾਊਂਟੈਂਟ) ਸੀ, ਪਰ ਸਿਆਸੀ ਪਹੁੰਚ ਨਾਲ ਬੀ ਡੀ ਪੀ ਓ ਦੇ ਅਹੁਦੇ ਉੱਤੇਨਿਯੁਕਤ ਹੋਇਆ ਸੀ।

ਜਸਵਿੰਦਰ ਸਿੰਘ ਨਾਂਅ ਦੇ ਇੱਕ ਵਿਅਕਤੀ ਨੇ ਦੱਸਿਆ ਕਿ ਉਹ ਗਲੀ ਉੱਤੇ ਨਾਜਾਇਜ਼ ਕਬਜ਼ਾ ਚੁਕਾਉਣ ਲਈ ਕਰੀਬ ਦੋ ਸਾਲਾਂ ਤੋਂ ਬੀ ਡੀ ਪੀ ਓ ਦਫਤਰ ਬਾਘਾਪੁਰਾਣਾ ਦੇ ਗੇੜੇ ਮਾਰ ਰਿਹਾ ਹੈ। ਉਹ ਜਦੋਂ ਵੀ ਆਉਂਦਾ ਤਾਂ ਬੀ ਡੀ ਪੀ ਓ ਆਪਣੇ ਦਫਤਰ ਦੇ ਚੁਬਾਰੇ ਵਿੱਚ ਆਰਾਮ ਕਰਰਿਹਾ ਹੁੰਦਾ। ਕੱਲ੍ਹ ਫਿਰ ਉਸ ਨੇ ਦੇਖਿਆ ਕਿ ਲੋਕ ਬੀ ਡੀ ਪੀ ਓ ਨੂੰ ਮਿਲਣ ਬੈਠੇ ਸਨ, ਪਰ ਬੀ ਡੀ ਪੀ ਓ ਦਫਤਰ ਦੇ ਚੁਬਾਰੇ ਵਿੱਚ ਬੈਡ ਉੱਤੇਸੁੱਤਾ ਸੀ। ਉਸ ਨੇ ਇਸ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਤੇਪਾ ਦਿੱਤੀ, ਜਿਸ ਮਗਰੋਂ ਪੇਂਡੂ ਵਿਕਾਸ ਅਤੇ ਪੰਚ-ਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਦਾ ਨੋਟਿਸ ਲੈਂਦਿਆਂ ਬੀ ਡੀ ਪੀ ਓ ਨੂੰ ਸਸਪੈਂਡ ਕਰ ਦਿੱਤਾ।

ਦੂਸਰੇ ਪਾਸੇ ਬੀ ਡੀ ਪੀ ਓ ਨਿਰਮਲ ਸਿੰਘ ਨੇ ਕਿਹਾ ਕਿ ਡਿਸਕ ਦੀ ਮੁਸ਼ਕਲ ਕਾਰਨ ਉਹ ਛੁੱਟੀ ਉੱਤੇ ਸੀ। ਵਿੱਤ ਕਮਿਸ਼ਨਰ, ਪੰਜਾਬ ਸਰਕਾਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਕੇ ਸ਼ਿਵਾ ਪ੍ਰਸਾਦ ਵੱਲੋਂ ਜਾਰੀ ਹੁਕਮਾਂ ਨਾਲ ਸਸਪੈਂਡ ਬੀ ਡੀ ਪੀ ਓ ਨਿਰਮਲ ਸਿੰਘ ਦਾ ਹੈਡਕੁਆਰਟਰ ਜ਼ਿਲ੍ਹਾ ਵਿਕਾਸ ਤੇ ਪੰਚ-ਾਇਤ ਅਫਸਰ ਹੋਵੇਗਾ। ਉਸ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮਾਂ ਹੇਠ ਗੁਜ਼ਾਰਾ ਭੱਤਾ ਇਸ ਸ਼ਰਤ ਉੱਤੇ ਮਿਲੇਗਾ ਕਿ ਉਹ ਕੋਈ ਹੋਰ ਨੌਕਰੀ ਜਾਂ ਕੰਮ ਨਹੀਂ ਕਰੇਗਾ।



# ਟਿਫਨ ਬੰਬ, ਪਿਸਤੌਲ ਤੇ ਦੋ ਕਾਰਾਂ ਸਮੇਤ ਪੰਜ ਜਣੇ ਕਾਬੂ



ਨਵਾਂ ਸ਼ਹਿਰ, 24 ਅਪ੍ਰੈਲ (ਪੋਸਟ ਬਿਊਰੋ)- ਜ਼ਿਲ੍ਹਾ ਨਵਾਂ ਸ਼ਹਿਰ ਦੀਪੁਲਸ ਨੇ ਨਵਾਂ ਸ਼ਹਿਰ ਸੀ ਆਈ ਏ ਸਟਾਫ ਬੰਬ ਕਾਂਡ ਨਾਲ ਸਬੰਧਤ ਹੋਰ ਪੰਜ ਦੋਸ਼ੀਆਂ ਨੂੰ ਫੜਨ ਵਿੱਚ ਸਫਲਤਾ ਹਾਸਲ ਕੀਤੀ ਹੈ।

ਇਸ ਬਾਰੇ ਜ਼ਿਲ੍ਹਾ ਪੁਲਸ ਮੁਖੀ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਸੱਤ-ਅੱਠ ਨਵੰਬਰ 2021 ਦੀ ਵਿਚਲੀ ਰਾਤ ਨੂੰ ਸੀ ਆਈ ਏ ਸਟਾਫ ਨਵਾਂ ਸ਼ਹਿਰ ਦੀ ਇਮਾਰਤ ਵਿੱਚ ਬੰਬ ਧਮਾਕਾ ਕਰਨ ਦੇ ਦੋਸ਼ ਵਿੱਚ ਬੀਤੇ ਦਿਨੀਂ ਗ੍ਰਿਫਤਾਰ ਕੀਤੇ ਰਮਨਦੀਪ ਸਿੰਘ ਉਰਫ ਜੱਖੂ, ਪ੍ਰਦੀਪ ਸਿੰਘ ਉਰਫ ਭੱਟੀ ਅਤੇ ਮਨੀਸ਼ ਕੁਮਾਰ ਉਰਫ ਬਾਬਾ ਕੋਲੋਂ ਪੁਲਸ ਰਿਮਾਂਡ ਦੌਰਾਨ ਕੀਤੀ ਪੁੱਛਗਿੱਛ ਉੱਤੇ ਇਨ੍ਹਾਂ ਵੱਲੋਂ ਦੱਸੇ ਟਿਕਾਣਿਆਂ ਉੱਤੇ ਛਾਪੇਮਾਰੇ ਤਾਂ ਇਸ ਦੌਰਾਨ ਕੁਲਦੀਪ ਕੁਮਾਰ ਉਰਫ ਸੰਨੀ ਪੁੱਤਰ ਪਵਨ ਕੁਮਾਰ ਵਾਸੀ ਨਿੰਮ ਵਾਲਾ ਚੌਕ ਲੁਧਿਆਣਾ, ਮੌਜੂਦਾ ਵਾਸੀ ਵੈਸਟਰਨ ਟਾਵਰ ਨੇੜੇ ਸਰਬ ਲੋਹ ਮੋਟਰਜ਼, ਨਿੱਝਰ ਚੌਕ ਖਰੜ ਨੂੰ ਫੜਿਆ ਸੀ, ਜੋ ਪਾਕਿਸਤਾਨ ਵਿੱਚ ਬੈਠੇ ਗੈਂਗਸਟਰ ਹਰਵਿੰਦਰ ਸਿੰਘ ਉਰਫ ਰਿੰਦਾ ਦਾ ਸਾਥੀ ਹੈ। ਉਸ ਦੀ ਨਿਸ਼ਾਨਦੇਹੀ ਉੱਤੇ ਇੱਕ ਵਿਦੇਸ਼ੀ ਪਿਸਤੌਲ ਨੌਂ ਐਮ ਐਮ ਤੇ 10 ਕਰਤੂਸ ਬਰਾਮਦ ਕੀਤੇ ਹਨ।

ਦੋਸ਼ੀ ਸੰਨੀ ਨੇ ਰਿੰਦਾ ਦੇ ਕਹਿਣ ਉੱਤੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੁਲਸ ਚੌਕੀ ਕਲਵਾਂ ਮੋੜ ਥਾਣਾ

ਸੰਨੀ ਨੇ ਮੰਨਿਆ ਕਿ ਉਸ ਨੇ ਇੱਕ ਟਿਫਨ ਬੰਬ ਅਮਨਦੀਪ ਕੁਮਾਰ ਪੱਤਰ ਸੁਰਿੰਦਰ ਕੁਮਾਰ ਵਾਸੀ ਸਿੰਗਾ ਥਾਣਾ ਹਰੋਲੀ ਜ਼ਿਲ੍ਹਾ ਊਨਾ ਨੂੰ ਦਿੱਤਾ ਹੈ, ਜੋ ਰਿੰਦਾ ਨੇ ਪਾਕਿਸਤਾਨ ਤੋਂ ਭੇਜਿਆ ਸੀ, ਉਸ ਨੂੰ ਗ੍ਰਿਫਤਾਰ ਕਰ ਕੇ ਬੇਆਬਾਦ ਖੂਹ ਵਿੱਚੋਂ ਉਪਰੋਕਤ ਟਿਫਨ ਬੰਬ, ਇਸ ਦੇ ਵੱਖ-ਵੱਖ ਪੁਰਜ਼ੇ, ਇੱਕ ਐਲ ਈ ਡੀ ਅਤੇ ਇੱਕ ਪੈਨ ਡਰਾਈਵ ਬਰਾਮਦ ਕੀਤੀ ਹੈ। ਇਸ ਕੰਮ ਦੇ ਬਦਲੇ ਸੰਨੀ ਨੇ ਰਿੰਦਾ ਵੱਲੋਂ ਪਾਕਿਸਤਾਨ ਤੋਂ ਭੇਜੇ ਤਿੰਨ ਲੱਖ ਵਿੱਚੋਂ ਇੱਕ ਲੱਖ ਰੁਪਏ ਰੋਹਿਤ ਉਰਫ ਬੱਲੂ ਨੂੰ ਅਤੇ 10 ਹਜ਼ਾਰ ਰੁਪਏ ਸ਼ੁਭਕਰਨ ਉਰਫ ਸਾਜਨ ਨੂੰ ਦਿੱਤੇ ਸਨ। ਜਵਤੇਸ਼ ਸੇਠੀ ਆਪਣੀ ਸਵਿਫਟ ਕਾਰ ਰਾਹੀਂ ਰਿੰਦਾ ਵੱਲੋਂ ਭੇਜੀਆਂ ਕਨਸਾਈਨਮੈਂਟਾਂ ਲੈ ਕੇ ਆਉਂਦਾ ਸੀ ਤੇ ਸੰਨੀ ਉਸ ਨੂੰ ਹਰ ਗੇੜੇ ਦੇ 15 ਹਜ਼ਾਰ ਰੁਪਏ ਦਿੰਦਾ ਸੀ। ਇਸ ਕੇਸ ਵਿੱਚ ਸੇਠੀ ਅਤੇ ਬੱਲੂ ਵੱਲੋਂ ਵਰਤੀਆਂ ਗਈਆਂ ਕਾਰਾਂ ਵੀ ਪੁਲਸ ਨੇ ਬਰਾਮਦ ਕਰ ਲਈਆਂ ਹਨ।

# ਵਿਧਾਇਕ ਚੱਢਾ ਵੱਲੋਂ ਐਂਬੂਲੈਂਸ ਦੀ ਚੈਕਿੰਗ ਦੌਰਾਨ ਟੋਲ ਪਲਾਜ਼ਾ ਵਾਲੇ ਕਸੂਤੇ ਫਸੇ

*** ਮਾੜੇ ਪ੍ਰਬੰਧਾਂ ਲਈ 7 ਲੱਖ ਰੁਪਏ ਜ਼ੁਰਮਾਨਾ ਪਿਆ**



ਰੂਪਨਗਰ, 24 ਅਪਰੈਲ, (ਪੋਸਟ ਬਿਊਰੋ)- ਹਲਕਾ ਰੋਪੜ ਤੋਂ ਚੁਣੇ ਆਮ ਆਦਮੀ ਪਾਰਟੀ ਦੇਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਬੀਤੀ 16 ਅਪਰੈਲ ਨੂੰ ਰੋਪੜ ਵੱਲੋਂ ਚੰਡੀਗੜ੍ਹ ਰੋਡ ਉੱਤੇ ਸੋਲਖੀਆਂ ਟੋਲ ਪਲਾਜ਼ਾ ਵਿਖੇ ਐਂਬੂਲੈਂਸ ਦੀ ਚੈਕਿੰਗ ਕੀਤੀ ਸੀ, ਜਿਸ ਵਿੱਚ ਨਾ ਕੋਈ ਫਸਟ ਏਡ ਦਾ ਸਾਮਾਨ ਮਿਲਿਆਅਤੇ ਨਾ ਮੈਡੀਕਲ ਅਟੈਂਡੈਂਟ ਮੌਜੂਦ ਸੀ, ਜਦਕਿ ਆਕਸੀਜਨ ਸਿਲੰਡਰ ਦੀਆਂ ਪਾਈਪਾਂ ਵੀ ਖੁੱਲ੍ਹੀਆਂ ਪਈਆਂ ਮਿਲੀਆਂ ਸਨ।

ਇਸ ਦੇ ਬਾਅਦ ਵਿਧਾਇਕ ਦਿਨੇਸ਼ ਚੱਢਾ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੂੰ ਸ਼ਿਕਾਇਤ ਕੀਤੀ। ਇਸ ਉੱਤੇ ਹਾਈਵੇ ਮੈਨਟੇਨੈਂਸ-ਕਮ-ਰੈਜ਼ੀਡੈਂਟ ਇੰਜੀਨੀਅਰ ਨੇ ਬੀਐੱਸਸੀ-ਸੀ ਐਂਡ ਸੀ ਕੰਪਨੀ ਨੂੰ ਐਂਬੂਲੈਂਸਦੇ ਮਾੜੇ ਪ੍ਰਬੰਧਾਂ ਅਤੇ ਐਗਰੀਮੈਂਟ ਦੀਆਂ ਸ਼ਰਤਾਂ ਨਾ ਪੂਰੀਆਂ ਕਰਨ ਲਈ 7 ਲੱਖ ਰੁਪਏ ਜੁਰਮਾਨਾ ਲਾਇਆ ਹੈ। ਬੀਐੱਸਸੀ-ਸੀ ਐਂਡ ਸੀ ਕੰਪਨੀ ਨੂੰ ਜੁਰਮਾਨਾ ਦੇਣ ਦੇ ਨਾਲ ਐਂਬੂਲੈਂਸ ਸੇਵਾਵਾਂ ਨੂੰ ਠੀਕ ਕਰਨ ਦੇ ਆਦੇਸ਼ ਦਿੱਤੇ ਗਏ ਹਨ।

ਵਰਨਣ ਯੋਗ ਹੈ ਕਿ ਵਿਧਾਇਕ ਦਿਨੇਸ਼ ਚੱਢਾ ਨੇ ਜਦੋਂ ਐਂਬੂਲੈਂਸ ਦੀ ਖ਼ਸਤਾਹਾਲਤ ਹੋਣ ਬਾਰੇ ਟੋਲ ਪਲਾਜ਼ਾ ਦੇ ਅਧਿਕਾਰੀਆਂ ਨੂੰ ਪੁੱਛਿਆ ਤਾਂ ਪਤਾ ਲੱਗਾ ਕਿ ਤਿੰਨ ਕੁ ਸਾਲ ਤੋਂ ਐਂਬੂਲੈਂਸ ਦੀ ਚੈਕਿੰਗ ਨਹੀਂ ਕੀਤੀ ਗਈ।ਐਂਬੂਲੈਂਸ ਦੀ ਰਜਿਸਟਰੇਸ਼ਨ ਤੱਕ ਵੀ ਨਹੀਂ ਸੀ। ਇਹ ਐਂਬੂਲੈਂਸਜ਼ਖਮੀ ਵਿਅਕਤੀ ਨੂੰ ਹਸਪਤਾਲ਼ ਲਿਜਾਣ ਲਈ ਸਿਰਫ਼ ਟੈਕਸੀ ਵਜੋਂਚੱਲਦੀ ਹੈ। ਕੰਪਨੀ ਅਧਿਕਾਰੀਆਂ ਤੋਂ ਵਿਧਾਇਕ ਚੱਢਾ ਨੇ ਪੁੱਛਿਆ ਕਿ ਐਂਬੂਲੈਂਸ ਦੀ ਇਸ ਹਾਲਤ ਦਾ ਜ਼ਿੰਮੇਵਾਰ ਕੌਣ ਹੈ ਤਾਂ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ। ਵਿਧਾਇਕ ਦਿਨੇਸ਼ ਚੱਢਾ ਨੇ ਇਸ ਪਿੱਛੋਂ ਹਾਈਵੇ ਅਥਾਰਟੀ ਆਫ ਇੰਡੀਆ ਦੇ ਉੱਚ ਅਧਿਕਾਰੀਆਂ ਨੂੰ ਕਿਹਾ ਕਿ ਐਂਬੂਲੈਂਸ ਦੀ ਚੈਕਿੰਗ ਕਰਕੇ ਸ਼ਰਤਾਂ ਨਾ ਪੂਰੀਆਂ ਕਰਨ ਬਦਲੇ ਕਰਵਾਈ ਕੀਤੀ ਜਾਵੇ ਤੇ ਐਂਬੂਲੈਂਸ ਸੇਵਾਵਾਂ ਵਿੱਚ ਹਾਲਤ ਵਿੱਚ ਸੁਧਾਰ ਕੀਤਾ ਜਾਵੇ।ਇਸ ਪਿੱਛੋਂਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਨੇ ਕਾਰਵਾਈ ਕਰਦੇ ਹੋਏ ਐਂਬੂਲੈਂਸ ਕੰਪਨੀ ਬੀ ਐਸ ਸੀ-ਸੀ ਐਂਡ ਸੀਨੂੰ 7 ਲੱਖ ਰੁਪਏ ਜੁਰਮਾਨਾ ਲਾਇਆ ਹੈ।

ਚੀਫ ਜਸਟਿਸ ਨੇ ਕਿਹਾ:

# ਜੱਜ ਅੱਖਾਂ ਬੰਦ ਕਰ ਕੇ ਨਿਯਮ ਲਾਗੂ ਨਾ ਕਰੋ



ਚੇਨਈ, 24 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਨ ਵੀ ਰਾਮੰਨਾ ਨੇ ਕਿਹਾ ਹੈ ਕਿ ਜੱਜ ਅੱਖਾਂ ਬੰਦ ਕਰ ਕੇ ਨਿਯਮ ਲਾਗੂ ਨਹੀਂ ਕਰ ਸਕਦੇ, ਕਿਉਂਕਿ ਹਰ ਝਗੜੇ ਦਾ ਇੱਕ ਮਨੁੱਖੀ ਪਹਿਲੂ ਹੈ ਅਤੇ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਉਨ੍ਹਾਂ ਨੂੰ ਫੈਸਲੇ ਨਾਲ ਸਮਾਜਿਕ-ਆਰਥਿਕ ਪੱਖਾਂ ਉੱਤੇ ਪੈਣ ਵਾਲੇ ਪ੍ਰਭਾਵ ਦੀ ਵਿਚਾਰ ਕਰ ਲੈਣੀ ਚਾਹੀਦੀ ਹੈ। ਉਹ ਇੱਥੇ ਮਦਰਾਸ ਹਾਈ ਕੋਰਟ ਵਿੱਚ ਇੱਕ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਜਸਟਿਸ ਰਾਮੰਨਾ ਨੇ ਕਿਹਾ, 'ਅੱਜ ਦਾ ਸਮਾਂ ਤੁਰੰਤ ਬਣਨ ਵਾਲੇ ਨੂਡਲਜ਼' ਦਾ ਸਮਾਂ ਹੈ ਅਤੇ ਲੋਕ ਇਨਸਾਫ ਵੀ ਝਟਪਟ ਚਾਹੁੰਦੇ ਹਨ, ਪਰ ਉਹ ਇਹ ਨਹੀਂ ਜਾਣਦੇ ਕਿ ਜੇ ਜਲਦਬਾਜ਼ੀ ਵਿੱਚ ਇਨਸਾਫ ਦਿੱਤਾ ਤਾਂ ਇਸ ਨਾਲ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਔਖੇ ਸਮੇਂ ਵਿੱਚ ਲੋਕ ਅਦਾਲਤ ਵੱਲ ਦੇਖਦੇ ਹਨ ਤੇ ਉਨ੍ਹਾਂ ਨੂੰ ਭਰੋਸਾ ਹੁੰਦਾ ਹੈ ਕਿ ਅਦਾਲਤਾਂ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨਗੀਆਂ। ਉਨ੍ਹਾਂ ਕਿਹਾ ਕਿ ਇਸ ਉੱਤੇ ਧਿਆਨ ਦੇਣ ਦੀ ਲੋੜ ਹੈ ਕਿ ਨਿਆਂ ਪਾਲਿਕਾ ਦੀ ਕਾਰਜ ਪ੍ਰਣਾਲੀ ਨੂੰ ਕਿਵੇਂ ਸੁਧਾਰਿਆ ਜਾਵੇ ਤੇ ਲੋਕਾਂ ਤਕ ਪਹੁੰਚ ਕਿਵੇਂ ਕੀਤੀ ਜਾਵੇ ਤੇ ਉਨ੍ਹਾਂ ਦੀਆਂ ਨਿਆਂਇਕ ਜ਼ਰੂਰਤਾਂ ਕਿਵੇਂ ਪੂਰੀਆਂ ਕੀਤੀਆਂ ਜਾਣ। ਅਦਾਲਤੀ ਭਾਸ਼ਾ ਬਾਰੇ ਜਸਟਿਸ ਰਾਮੰਨਾ ਨੇ ਕਿਹਾ ਕਿ ਇਸ ਦੇਸ਼ ਦਾ ਆਮ ਨਾਗਰਿਕ ਅਦਾਲਤਾਂ ਦੀ ਭਾਸ਼ਾ ਤੇ ਪ੍ਰਕਿਰਿਆ ਨਹੀਂ ਸਮਝ ਸਕਦਾ। ਇਸ ਲਈ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ ਕਿ ਆਮ ਲੋਕ ਵੀ ਨਿਆਂਇਕ ਪ੍ਰਕਿਰਿਆ ਦਾ ਹਿੱਸਾ ਬਣ ਸਕਣ। ਉਨ੍ਹਾਂ ਕਿਹਾ, ''ਸਬੰਧਤ ਧਿਰਾਂ ਨੂੰ ਕੇਸ ਦੀ ਪ੍ਰਕਿਰਿਆ ਤੇ ਉਸ ਦੀ ਪ੍ਰਗਤੀ ਦੀ ਸਮਝ ਆਉਣੀ ਚਾਹੀਦੀ ਹੈ। ਇਹ ਵਿਆਹ ਦੇ ਮੰਤਰ ਉਚਾਰਨ ਵਾਂਗ ਨਹੀਂ ਹੋਣੀ ਚਾਹੀਦੀ, ਜੋ ਸਾਡੇ ਵਿੱਚੋਂ ਬਹੁਤਿਆਂ ਨੂੰ ਸਮਝ ਨਹੀਂ ਆਉਂਦੇ।'' ਉਨ੍ਹਾਂ ਕਿਹਾ ''ਸੰਵਿਧਾਨਕ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣਾ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਉਣਾ ਸਾਡੀ ਜ਼ਿੰਮੇਵਾਰੀ ਹੈ। ਕੋਈ ਸ਼ੱਕ ਨਹੀਂ ਕਿ ਇਹ ਬਹੁਤ ਵੱਡਾ ਬੋਝ ਹੈ, ਪਰ ਅਸੀਂ ਸੰਵਿਧਾਨ ਦੀ ਸਹੁੰ ਖਾਣ ਦੇ ਦਿਨ ਇਸ ਦੀ ਚੋਣ ਕੀਤੀ ਸੀ। ਉਨ੍ਹਾਂ ਕਿਹਾ, ''ਮੈਂ ਨਿਆਂ ਪ੍ਰਣਾਲੀ ਦੇ ਭਾਰਤੀਕਰਨ ਦੇ ਹੱਕ ਵਿੱਚ ਹਾਂ। ਭਾਰਤੀਕਰਨ ਤੋਂ ਮੇਰਾ ਭਾਵ ਭਾਰਤੀ ਨਿਆਂ ਪ੍ਰਬੰਧ ਨੂੰ ਭਾਰਤੀ ਲੋਕਾਂ ਦੇ ਭਲੇ ਵਿੱਚ ਤਬਦੀਲੀ ਨਾਲ ਹੈ।'' ਜੱਜਾਂ ਦੀਆਂ ਖਾਲੀ ਪਈਆਂ ਆਸਾਮੀਆਂ ਤੇ ਮਨਜ਼ੂਰਸ਼ੁਦਾ ਜੱਜਾਂ ਦੀ ਗਿਣਤੀ ਦੇ ਮੁੱਦੇ ਉੱਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜੱਜਾਂ ਤੋਂ ਕੇਸਾਂ ਦਾ ਬੋਝ ਘਟਾਉਣ ਦੀ ਜ਼ਰੂਰਤ ਹੈ ਤਾਂ ਜੋ ਲੋਕਾਂ ਨੂੰ ਸਮੇਂ ਸਿਰ ਨਿਆਂ ਮਿਲ ਸਕੇ।

ਇਸ ਮੌਕੇ ਜਸਟਿਸ ਰਾਮੰਨਾ ਨੇ ਕਿਹਾ ਕਿ ਕੋਈ ਭਾਸ਼ਾ ਸਿੱਖਣ ਤੇ ਖਾਸ ਤੌਰ ਉੱਤੇ ਮਾਤ-ਭਾਸ਼ਾ ਸਿੱਖਣ ਨਾਲ ਹੀ ਕਿਸੇ ਦਾ ਵਿਕਾਸ ਹੋ ਸਕਦਾ ਹੈ। ਉਨ੍ਹਾਂ ਤੇਲਗੂ ਲੋਕਾਂ ਨੂੰ ਆਪਣੀਆਂ ਜੜ੍ਹਾਂ ਨਾ ਭੁੱਲਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਵਿਸ਼ਵ ਤੇਲਗੂ ਫੈਡਰੇਸ਼ਨ ਦੀ 29ਵੀਂ ਵਰ੍ਹੇਗੰਢ ਦੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ, ''ਤੁਹਾਨੂੰ ਤੇਲਗੂ ਸਿੱਖਣੀ ਤੇ ਬੋਲਣੀ ਚਾਹੀਦੀ ਹੈ। ਤੁਸੀਂ ਆਪਣੀ ਜ਼ਿੰਦਗੀ ਵਿੱਚ ਤਦੇ ਅੱਗੇ ਵਧ ਸਕਦੇ ਹੋ ਜੇ ਤੁਸੀਂ ਆਪਣੀ ਮਾਤ-ਭਾਸ਼ਾ ਵਿੱਚ ਸਿੱਖਦੇ ਹੋ।'' ਉਨ੍ਹਾਂ ਕਿਹਾ, ''ਤੁਸੀਂ ਅੰਗਰੇਜ਼ੀ, ਹਿੰਦੀ ਜਾਂ ਕੋਈ ਹੋਰ ਭਾਸ਼ਾ ਸਿੱਖ ਸਕਦੇ ਹੋ, ਪਰ ਆਪਣੀ ਮਾਤ ਭਾਸ਼ਾ ਚੰਗੀ ਤਰ੍ਹਾਂ ਸਿੱਖਣ ਨਾਲ ਤੁਹਾਨੂੰ ਹੋਰ ਭਾਸ਼ਾਵਾਂ ਸਿੱਖਣ ਵਿੱਚ ਮਦਦ ਮਿਲੇਗੀ।''

# ਅੱਤਵਾਦੀਆਂ ਵੱਲੋਂ ਪਾਕਿਸਤਾਨੀ ਚੌਕੀ ਉਤੇ ਗੋਲੀਬਾਰੀ, ਤਿੰਨ ਜਵਾਨ ਹਲਾਕ



ਇਸਲਾਮਾਬਾਦ, 24 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਨੇ ਕਿਹਾ ਹੈ ਕਿ ਅੱਤਵਾਦੀਆਂ ਵੱਲੋਂ ਅਫਗਾਨਿਸਤਾਨ ਵਿੱਚ ਸਰਹੱਦ ਪਾਰ ਤੋਂ ਉਨ੍ਹਾਂ ਦੀਆਂ ਫੌਜੀ ਚੌਕੀਆਂ ਉੱਤੇ ਕੀਤੀ ਗਈ ਅੰਨ੍ਹੇਵਾਹ ਗੋਲੀਬਾਰੀ ਵਿੱਚ ਲਗਭਗ ਤਿੰਨ ਜਵਾਨ ਮਾਰੇ ਗਏ। ਫੌਜ ਦੇ ਬਿਆਨ ਮੁਤਾਬਕ ਉਤਰੀ ਵਜ਼ੀਰਿਸਤਾਨ ਦੇ ਦੇਵਗਰ ਖੇਤਰ ਵਿੱਚ ਅੱਤਵਾਦੀਆਂ ਨੇ ਅਫਗਾਨਿਸਤਾਨ ਵਿੱਚ ਸਰਹੱਦ ਪਾਰ ਤੋਂ ਗੋਲੀਬਾਰੀ ਕੀਤੀ, ਜਿਸ ਦਾ ਪਾਕਿਸਤਾਨੀ ਫੌਜੀਆਂ ਨੇ ਮੂੰਹ ਤੋੜ ਜਵਾਬ ਦਿੱਤਾ।

ਇਸ ਫੌਜੀ ਬਿਆਨ ਵਿੱਚ ਕਿਹਾ ਗਿਆ, ''ਭਰੋਸੇਯੋਗ ਖੁਫੀਆ ਸੂਚਨਾ ਮੁਤਾਬਕ ਸਾਡੀ ਫੌਜ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਅੱਤਵਾਦੀਆਂ ਨੂੰ ਚੋਖਾ ਨੁਕਸਾਨ ਪੁੱਜਾ ਹੈ।'' ਇਸ ਵਿੱਚ ਕਿਹਾ ਗਿਆ, ''ਪਾਕਿਸਤਾਨ ਨੇ ਅੱਤਵਾਦੀਆਂ ਵੱਲੋਂ ਪਾਕਿਸਤਾਨ ਖਿਲਾਫ ਕਾਰਵਾਈਆਂ ਲਈ ਅਫਗਾਨ ਧਰਤੀ ਦੀ ਵਰਤੋਂ ਦੀ ਨਿਖੇਧੀ ਕੀਤੀ ਹੈ ਤੇ ਆਸ ਕੀਤੀ ਹੈ ਕਿ ਅਫਗਾਨ ਸਰਕਾਰ ਭਵਿੱਖ ਵਿੱਚ ਅਜਿਹੀਆਂ ਸਰਗਰਮੀਆਂ ਦੀ ਇਜਾਜ਼ਤ ਨਹੀਂ ਦੇਵੇਗੀ।'' ਕਿਸੇ ਅੱਤਵਾਦੀ ਜਥੇਬੰਦੀ ਨੇ ਹਾਲੇ ਤਕ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ। ਬੀਤੇ ਦੋ ਮਹੀਨਿਆਂ ਦੌਰਾਨ ਇਸ ਖੇਤਰ ਵਿੱਚ ਇਸ ਤਰ੍ਹਾਂ ਦੇ ਹਮਲੇ ਵਧੇ ਹਨ।ਰਿਪੋਰਟ ਮੁਤਾਬਕ ਅਪਰੈਲ ਦੇ ਸ਼ੁਰੂ ਵਿੱਚ ਉਤਰੀ ਵਜ਼ੀਰਿਸਤਾਨ ਦੀ ਦਾਤਾਖੇਲ ਤਹਿਸੀਲ ਵਿੱਚ ਅੱਤਵਾਦੀਆਂ ਵੱਲੋਂ ਵਾਹਨ ਉੱਤੇ ਘਾਤ ਲਾ ਕੇ ਕੀਤੇ ਹਮਲੇ ਵਿੱਚ ਸੱਤ ਪਾਕਿਸਤਾਨੀ ਫੌਜੀ ਮਾਰੇ ਗਏ ਸਨ।

# ਸ਼੍ਰੋਮਣੀ ਕਮੇਟੀ ਪਹਿਲਾਂ ਪੰਜਾਬ ਸੰਭਾਲੇ ਤੇ ਪਿੱਛੋਂ ਦਿੱਲੀ ਦੀ ਗੱਲ ਕਰੇ: ਕਾਲਕਾ

ਨਵੀਂ ਦਿੱਲੀ, 24 ਅਪ੍ਰੈਲ (ਪੋਸਟ ਬਿਊਰੋ)- ਲਾਲ ਕਿਲ੍ਹੇ ਉੱਤੇ ਮਨਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਚਾਰ ਸੌ ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਦੀ ਸਫਲਤਾ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਭ ਜਥੇਬੰਦੀਆਂ ਤੇ ਸਰਕਾਰ ਦਾ ਧੰਨਵਾਦ ਕਰਦਿਆਂ ਇਸ ਨੂੰ ਇਤਿਹਾਸਕ ਸਮਾਗਮ ਦੱਸਿਆ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਸਮਾਗਮ ਵਿੱਚ ਦਿੱਲੀ ਦੇ ਨਾਲ ਜੰਮੂ ਕਸ਼ਮੀਰ, ਹਰਿਆਣਾ, ਉੱਤਰ ਪ੍ਰਦੇਸ਼ ਤੇ ਹੋਰ ਥਾਵਾਂ ਦੀ ਸੰਗਤ ਨੇ ਹਾਜ਼ਰੀ ਭਰ ਕੇ ਇਕਜੁਟਤਾ ਦਾ ਸਬੂਤ ਦਿੱਤਾ ਹੈ, ਪਰ ਅਫਸੋਸ ਕਿ ਦਿੱਲੀ ਕਮੇਟੀ ਦੇ ਸਾਬਕਾ ਪ੍ਰਬੰਧਕਾਂ ਨੇ ਸਮਾਗਮ ਵਿੱਚ ਅੜਿੱਕੇ ਡਾਹੁਣ ਦੀ ਕਸਰ ਨਹੀਂ ਛੱਡੀ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਮੁੜ ਕੇ ਦੋਸ਼ ਲਾਇਆ ਕਿ ਉਨ੍ਹਾਂ ਸੰਗਤਾਂ ਲਈ ਦਿੱਲੀ ਵਿਖੇ ਨੌਵੇਂ ਪਾਤਸ਼ਾਹ ਦੀਆਂ ਇਤਿਹਾਸਕ ਨਿਸ਼ਾਨੀਆਂ ਨਾ ਭੇਜ ਕੇ ਸਿਆਸਤ ਖੇਡੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਦਿੱਲੀ ਵਿਖੇ ਧਰਮ ਪ੍ਰਚਾਰ ਲਹਿਰ ਸ਼ੁਰੂ ਕਰਨ ਦੇ ਐਲਾਨਾਂਬਾਰੇ ਹਰਮੀਤ ਸਿੰਘ ਕਾਲਕਾ ਨੇ ਕਿਹਾ, ''ਧਰਮ ਪ੍ਰਚਾਰ ਦੇ ਐਲਾਨ ਸ਼ਲਾਘਾਯੋਗ ਹਨ, ਪਰ ਕੀ ਕਮੇਟੀ ਨੇ ਪੰਜਾਬ ਵਿੱਚ ਆਪਣੀ ਜ਼ਿੰਮੇਵਾਰੀ ਨਿਭਾਈ ਹੈ? ਜੇ ਨਿਭਾਈ ਹੁੰਦੀ ਤਾਂ ਉਥੇ ਪਤਿਤਪੁਣਾ ਨਾ ਹੁੰਦਾ ਤੇ ਨਾ ਗਿਰਜਾਘਰਾਂ ਵਿੱਚ ਸਿੱਖਾਂ ਦੀ ਧਰਮ ਤਬਦੀਲੀ ਹੁੰਦੀ। ਖੁਸ਼ੀ ਦੀ ਗੱਲ ਹੈ ਕਿ ਦਿੱਲੀ ਦੇ 95 ਫੀਸਦੀ ਸਿੱਖ ਨੌਜਵਾਨ ਸਿੱਖੀ ਸਰੂਪ ਵਿੱਚ ਹਨ, ਅਸੀਂ ਇੱਥੇ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਅ ਰਹੇ ਹਾਂ। ਸ਼੍ਰੋਮਣੀ ਕਮੇਟੀ ਪਹਿਲਾਂ ਪੰਜਾਬ ਸੰਭਾਲ ਲਵੇ, ਫਿਰ ਦਿੱਲੀ ਆਉਂਦੀ ਰਹੇ।''


# ਏਸ਼ੀਆਈ ਚੈਂਪੀਅਨਸ਼ਿਪ ਵਿਚ ਰਵੀ ਦਹੀਆ ਵੱਲੋਂ ਸੋਨ ਤਮਗੇ ਦੀ ਹੈਟ੍ਰਿਕ



ਉਲਾਨਬਾਟਰ (ਮੰਗੋਲੀਆ), 24 ਅਪ੍ਰੈਲ (ਪੋਸਟ ਬਿਊਰੋ)- ਕਜ਼ਾਖਿਸਤਾਨ ਦੇ ਰਖਤ ਕਾਲਜ਼ਾਨ ਖਿਲਾਫ ਦਬਦਬੇ ਵਾਲਾ ਪ੍ਰਦਰਸ਼ਨ ਕਰਦਿਆਂ ਭਾਰਤੀ ਪਹਿਲਵਾਨ ਰਵੀ ਕੁਮਾਰ ਦਹੀਆ ਨੇ ਫਾਈਨਲ ਵਿੱਚ ਤਕਨੀਕੀ ਆਧਾਰ ਉੱਤੇ ਜਿੱਤ ਦਰਜ ਕੀਤੀ ਅਤੇ ਏਸ਼ੀਆਈ ਚੈਂਪੀਅਨਸ਼ਿਪ ਵਿੱਚ ਲਗਾਤਾਰ ਤੀਸਰਾ ਸੋਨ ਤਮਗਾ ਜਿੱਤਿਆ ਹੈ।

ਟੋਕੀਓ ਓਲੰਪਿਕ ਵਿੱਚ ਚਾਂਦੀ ਦਾ ਤਮਗਾ ਜੇਤੂ ਰਵੀ ਨੇ ਆਪਣੇ ਸਾਰੇ ਮੁਕਾਬਲਿਆਂ ਵਿੱਚ ਸ਼ੁਰੂ ਵਿੱਚ ਲੀਡ ਗੁਆ ਲਈ, ਪਰ ਪਿੱਛੋਂ ਸ਼ਾਨਦਾਰ ਢੰਗ ਨਾਲ ਵਾਪਸੀ ਕਰਦਿਆਂ ਪੁਰਸ਼ ਫਰੀ ਸਟਾਈਲ ਮੁਕਾਬਲੇ ਦੇ ਸਾਰੇ ਵਿਰੋਧੀਆਂ ਨੂੰ ਚਿੱਤ ਕਰ ਦਿੱਤਾ। ਇਹ ਉਸ ਦਾ ਸੈਸ਼ਨ ਦਾ ਦੂਸਰਾ ਫਾਈਨਲ ਸੀ। ਸੋਨੀਪਤ ਦੇ ਨਹਿਰੀ ਪਿੰਡ ਦੇ ਵਸਨੀਕ ਰਵੀ ਨੇ ਇੱਕ ਵਾਰ ਫਿਰ ਸਰੀਰਕ ਸਮਰੱਥਾ ਤੇ ਰਣਨੀਤੀ ਦਾ ਬਿਹਤਰੀਨ ਨਮੂਨਾ ਪੇਸ਼ ਕੀਤਾ ਤੇ ਪੁਰਸ਼ਾਂ ਦੇ 57 ਕਿਲੋ ਫਰੀ ਸਟਾਈਲ ਵਿੱਚ ਪਹਿਲਾਂ ਜਾਪਾਨ ਦੇ ਰਿਕਤੋ ਅਰਾਈ ਨੂੰ ਹਰਾਇਆ ਤੇ ਫਿਰ ਮੰਗੋਲੀਆ ਦੇ ਜਾਨਬਾਜ਼ਾਰ ਜ਼ੰਦਾਨਾਬੁਡ ਉੱਤੇ 12-5 ਨਾਲ ਸ਼ਾਨਦਾਰ ਜਿੱਤ ਦਰਜ ਕਰ ਕੇ ਫਾਈਨਲ ਵਿੱਚ ਥਾਂ ਬਣਾਈ। ਫਾਈਨਲ ਵਿੱਚ ਕਾਲਜ਼ਾਨ ਨੇ ਰਵੀ ਉੱਤੇ ਦਬਦਬਾ ਬਣਾਈ ਰਖਿਆ ਅਤੇ ਕਾਫੀ ਸਮੇਂ ਤਕ ਕੋਈ ਪੁਆਇੰਟ ਨਹੀਂ ਲੈਣ ਦਿੱਤਾ। ਫਿਰ ਰਵੀ ਨੇ ਬਿਹਤਰੀਨ ਤਕਨੀਕ ਨਾਲ ਮੁਕਾਬਲੇ ਵਿੱਚ ਦਬਦਬਾ ਬਣਾਉਣਾ ਸ਼ੁਰੂ ਕਰ ਦਿੱਤਾ ਅਤੇ ਲਗਾਤਾਰ ਪੁਆਇੰਟਲਏ ਅਤੇ ਖੁਦ ਨੂੰ ਕਾਲਜ਼ਾਨ ਦੇ ਹਮਲੇ ਦਾ ਤੋਂ ਵੀ ਬਚਾਇਆ। ਇਸ ਤਰ੍ਹਾਂ ਇਹ ਮੁਕਾਬਲਾ ਦੂਜੇ ਗੇੜ ਦੇ ਸ਼ੁਰੂ ਵਿੱਚ ਹੀ ਖਤਮ ਹੋ ਗਿਆ। ਭਾਰਤ ਨੇ ਇਸ ਨਾਲ ਟੂਰਨਾਮੈਂਟ ਦਾ ਪਹਿਲਾ ਸੋਨ ਤਮਗਾ ਜਿੱਤ ਲਿਆ। ਰਵੀ ਨੇ ਦਿੱਲੀ ਵਿੱਚ 2020 ਸੈਸ਼ਨ ਵਿੱਚ ਅਤੇ ਪਿਛਲੇ ਸਾਲ ਅਲਮਾਟੀ ਵਿੱਚ ਵੀ ਸੋਨਾ ਤਮਗਾ ਜਿੱਤਿਆ ਸੀ।

# ਦੇਸ਼ ਨੂੰ ਬਾਹਰੋਂ ਨਿਸ਼ਾਨਾ ਬਣਾਇਆ ਗਿਆ ਤਾਂ ਸਰਹੱਦ ਪਾਰ ਕਰਨ ਤੋਂ ਗੁਰੇਜ਼ ਨਹੀਂ ਕਰਾਂਗੇ: ਰਾਜਨਾਥ



ਗੁਹਾਟੀ, 24 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾਹੈ ਕਿ ਭਾਰਤ ਸਰਹੱਦ ਪਾਰ ਤੋਂ ਦੇਸ਼ ਨੂੰ ਨਿਸ਼ਾਨਾ ਬਣਾਉਣ ਵਾਲੇ ਅੱਤਵਾਦੀਆਂ ਖਿਲਾਫ ਕਾਰਵਾਈ ਤੋਂ ਗੁਰੇਜ਼ ਨਹੀਂ ਕਰੇਗਾ।

ਵਰਨਣ ਯੋਗ ਹੈ ਕਿ ਰੱਖਿਆ ਮੰਤਰੀ ਇੱਕ ਪ੍ਰੋਗਰਾਮ ਵਿੱਚ ਗਏ ਸਨ, ਜਿੱਥੇ 1971 ਦੇ ਭਾਰਤ-ਪਾਕਿਸਤਾਨ ਯੁੱਧ ਵਿੱਚ ਸ਼ਾਮਲ ਰਹੇ ਆਸਾਮ ਦੇ ਫੌਜੀਆਂ ਨੂੰ ਸਨਮਾਨਤ ਕੀਤਾ ਗਿਆ ਸੀ। ਰਾਜਨਾਥ ਸਿੰਘ ਨੇ ਕਿਹਾ ਕਿ ਸਰਕਾਰ ਦੇਸ਼ ਤੋਂ ਅੱਤਵਾਦ ਨੂੰ ਜੜ੍ਹੋਂ ਖਤਮ ਕਰਨ ਦਾ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ ਇਹ ਸੰਦੇਸ਼ ਦੇਣ ਵਿੱਚ ਸਫਲ ਰਿਹਾ ਹੈ ਕਿ ਅੱਤਵਾਦ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜੇ ਦੇਸ਼ ਨੂੰ ਬਾਹਰੋਂ ਨਿਸ਼ਾਨਾ ਬਣਾਇਆ ਗਿਆ ਤਾਂ ਅਸੀਂ ਸਰਹੱਦ ਪਾਰ ਕਰਨ ਤੋਂ ਗੁਰੇਜ਼ ਨਹੀਂ ਕਰਾਂਗੇ। ਪੱਛਮੀ ਸਰਹੱਦ ਦੇ ਮੁਕਾਬਲੇ ਦੇਸ਼ ਦੀ ਪੂਰਬੀ ਸਰਹੱਦ ਉੱਤੇਅੱਜਕੱਲ੍ਹ ਵਧੇਰੇ ਸ਼ਾਂਤੀ ਤੇ ਸਥਿਰਤਾ ਹੈ ਕਿਉਂਕਿ ਬੰਗਲਾ ਦੇਸ਼ ਮਿੱਤਰ ਗੁਆਂਢੀ ਹੈ। ਉਨ੍ਹਾਂ ਕਿਹਾ ਕਿ ਘੁਸਪੈਠ ਦੀ ਸਮੱਸਿਆ ਲਗਭਗ ਖਤਮ ਹੋ ਗਈ ਹੈ। ਪੂਰਬੀ ਸਰਹੱਦ ਉੱਤੇ ਸ਼ਾਂਤੀ ਅਤੇ ਸਥਿਰਤਾ ਹੈ। ਉੱਤਰ-ਪੂਰਬ ਦੇ ਵੱਖ-ਵੱਖ ਹਿੱਸਿਆਂ ਤੋਂ ਹਥਿਆਰਬੰਦ ਫੌਜ ਵਿਸ਼ੇਸ਼ ਅਧਿਕਾਰ ਐਕਟ (ਅਫਸਪਾ) ਨੂੰ ਪਿੱਛੇ ਜਿਹੇ ਵਾਪਸ ਲਏ ਜਾਣ ਉੱਤੇ ਰੱਖਿਆ ਮੰਤਰੀ ਨੇ ਕਿਹਾ ਕਿ ਜਦੋਂ ਵੀ ਕਿਸੇ ਸਥਾਨ ਦੀ ਸਥਿਤੀ ਵਿੱਚ ਸੁਧਾਰ ਹੋਇਆ, ਸਰਕਾਰ ਨੇ ਇਸੇ ਤਰ੍ਹਾਂ ਕੀਤਾ ਹੈ। ਇਸ ਦੌਰਾਨ ਰਾਜਨਾਥ ਸਿੰਘ ਨੇ ਕਿਹਾ ਕਿ ਜੇ ਕੇਂਦਰ ਸ਼ਾਸਤ ਪ੍ਰਦੇਸ਼ ਜੰਮੂ-ਕਸ਼ਮੀਰ ਵਿੱਚ ਸ਼ਾਂਤੀ ਰਹੇ ਤਾਂ ਤਿੰਨੋਂ ਰੱਖਿਆ ਫੌਜਾਂ ਇੱਥੋਂ ਅਫਸਪਾ ਨੂੰ ਜਲਦੀ ਤੋਂ ਜਲਦੀ ਹਟਾਉਣਾ ਚਾਹੁੰਦੀਆਂ ਹਨ।ਰਾਜਨਾਥ ਨੇ ਕਿਹਾ ਕਿ ਸਾਡੇ ਰੱਖਿਆ ਬਲ ਅੰਦਰੂਨੀ ਸੁਰੱਖਿਆ ਵਿੱਚ ਸ਼ਾਮਲ ਨਹੀਂ ਹੋਣਾ ਚਾਹੁੰਦੇ। ਜੇ ਅਫਸਪਾ ਹਟਾ ਦਿੱਤਾ ਜਾਵੇ ਤਾਂ ਇਹ ਬਾਹਰੀ ਸੁਰੱਖਿਆ ਉੱਤੇ ਵਧੇਰੇ ਧਿਆਨ ਕੇਂਦਰਤ ਕਰ ਸਕਦੇ ਹਨ। ਇਸ ਲਈ ਇਹ ਧਾਰਨਾ ਗਲਤ ਹੈ ਕਿ ਅਫਸਪਾ ਜਾਰੀ ਰਹੇ।

# ਮਹਾਰਾਸ਼ਟਰ ਵਿੱਚ ਹਨੂੰਮਾਨ ਚਾਲੀਸਾ ਵਿਵਾਦ ਭਖਿਆ



ਮੁੰਬਈ, 24 ਅਪ੍ਰੈਲ (ਪੋਸਟ ਬਿਊਰੋ)- ਮਹਾਰਾਸ਼ਟਰ ਪੁਲਸ ਨੇ ਇਸ ਰਾਜ ਦੇ ਵਿਧਾਇਕ ਰਵੀ ਰਾਣਾ ਅਤੇ ਉਨ੍ਹਾਂ ਦੀ ਪਾਰਲੀਮੈਂਟ ਮੈਂਬਰ ਪਤਨੀ ਨਵਨੀਤ ਰਾਣਾ ਨੂੰ ਗ੍ਰਿਫਤਾਰ ਕਰ ਲਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਇਹ ਗ੍ਰਿਫਤਾਰੀ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਕੋਸ਼ਿਸ਼ ਦੇ ਦੋਸ਼ ਹੇਠ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਇਸ ਜੋੜੇ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਦੇ ਨਿੱਜੀ ਨਿਵਾਸ ਮਾਤੋਸ੍ਰੀ ਦੇ ਸਾਹਮਣੇ ਹਨੂੰਮਾਨ ਚਾਲੀਸਾ ਦਾ ਪਾਠ ਕਰਨ ਦੀ ਆਪਣੀ ਯੋਜਨਾ ਰੱਦ ਕਰ ਦਿੱਤੀ ਸੀ। ਇਸ ਪਿੱਛੋਂ ਘੰਟਿਆਂਬੱਧੀ ਚੱਲੇ ਘਟਨਾਚੱਕਰ ਵਿੱਚ ਪੁਲਸ ਇਸ ਜੋੜੇ ਨੂੰ ਮੁੰਬਈ ਦੇ ਉਪਨਗਰ ਖਾਰ ਦੇ ਉਨ੍ਹਾਂ ਦੇ ਘਰ ਤੋਂ ਆਪਣੇ ਨਾਲ ਥਾਣੇ ਲੈ ਗਈ ਸੀ।ਪੁਲਸ ਨੇ ਜੋੜੇ ਦੇ ਖਿਲਾਫ ਵੱਖ-ਵੱਖ ਭਾਈਚਾਰਿਆਂ ਵਿੱਚ ਧਰਮ ਦੇ ਨਾਂਅ ਉੱਤੇ ਨਫਰਤ ਪੈਦਾ ਕਰਨਾ ਦਾ ਕੇਸ ਦਰਜ ਕੀਤਾ ਅਤੇ ਦੋਵਾਂ ਦੀ ਗ੍ਰਿਫਤਾਰੀ ਇਸੇ ਆਧਾਰ ਉੱਤੇ ਕੀਤੀ ਹੈ।

ਰਵੀ ਆਜ਼ਾਦ ਵਿਧਾਇਕ ਤੇ ਨਵਨੀਤ ਆਜ਼ਾਦ ਪਾਰਲੀਮੈਂਟ ਮੈਂਬਰ ਹਨ। ਪੁਲਸ ਅਧਿਕਾਰੀਆਂ ਨੇ ਜੋੜੇ ਨੂੰ ਪੱਛਮੀ ਮੁੰਬਈ ਦੇ ਖਾਰ ਥਾਣੇ ਚੱਲਣ ਲਈ ਪਹਿਲਾਂ ਰਾਜ਼ੀ ਕੀਤਾ। ਸ਼ੁਰੂ ਵਿੱਚ ਜੋੜੇ ਨੂੰ ਇਮਾਰਤ ਵਿੱਚ ਪੁਲਸ ਨਾਲ ਬਹਿਸ ਕਰਦੇ ਦੇਖਿਆ ਗਿਆ। ਜੋੜੇ ਨੇ ਕਿਹਾ ਕਿ ਉਹ ਉਦੋਂ ਤਕ ਨਹੀਂ ਜਾਣਗੇ ਜਦੋਂ ਤਕ ਕਿ ਉਨ੍ਹਾਂ ਸ਼ਿਵ ਸੈਨਾ ਨੇਤਾਵਾਂ ਖਿਲਾਫ ਵੀ ਅਪਰਾਧਕ ਮੁਕੱਦਮਾ ਦਰਜ ਨਹੀਂ ਹੁੰਦਾ, ਜਿਨ੍ਹਾਂ ਨੇ ਉਨ੍ਹਾਂ ਨੂੰ ਧਮਕੀ ਦਿੱਤੀ ਹੈ। ਨਵਨੀਤ ਰਾਣਾ ਨੇ ਪੁਲਸ ਨੂੰ ਵਾਰੰਟ ਵੀ ਦਿਖਾਉਣ ਦੀ ਮੰਗ ਕੀਤੀ। ਬਾਅਦ ਵਿੱਚ ਉਹ ਇਮਾਰਤ ਵਿੱਚੋਂ ਨਿਕਲਣ ਲਈ ਤਿਆਰ ਹੋਈ ਤੇ ਜੋੜਾ ਦੋ ਪੁਲਸ ਵਾਹਨਾਂ ਵਿੱਚ ਸਵਾਰ ਹੋ ਗਿਆ।ਨਵਨੀਤ ਰਾਣਾ ਨੇ ਕਿਹਾ ਕਿ ਬਾਲਾ ਸਾਹਿਬ ਦੇ ਨਾਲ ਉਨ੍ਹਾਂ ਦੇ ਸ਼ਿਵ ਸੈਨਿਕ ਵੀ ਕਦੋਂ ਦੇ ਚਲੇ ਗਏ। ਅੱਜ ਦੀ ਸ਼ਿਵ ਸੈਨਾ ਗੁੰਡਿਆਂ ਦੀ ਪਾਰਟੀ ਬਣ ਕੇ ਰਹਿ ਗਈ ਹੈ। ਇਸ ਦੌਰਾਨ ਜਦੋਂ ਦੇਰ ਰਾਤ ਭਾਜਪਾ ਦੇ ਸਾਬਕਾ ਪਾਰਲੀਮੈਂਟ ਮੈਂਬਰ ਕਿਰੀਟ ਸੋਮਿਆ, ਨਵਨੀਤ ਰਾਣਾ ਅਤੇ ਉਨ੍ਹਾਂ ਦੇ ਵਿਧਾਇਕ ਪਤੀ ਰਵੀ ਰਾਣਾ ਨੂੰ ਖਾਰ ਥਾਣੇ ਵਿੱਚ ਮਿਲ ਕੇ ਪਰਤ ਰਹੇ ਸਨ ਤਾਂ ਕੁਝ ਸ਼ਿਵ ਸੈਨਿਕਾਂ ਨੇ ਥਾਣੇ ਉੱਤੇ ਭਾਰੀ ਪਥਰਾਅ ਕਰ ਦਿੱਤਾ, ਸੋਮਿਆ ਦੇ ਚਿਹਰੇ ਉੱਤੇ ਸੱਟ ਲੱਗੀ ਅਤੇ ਉਹ ਲਹੂ-ਲੁਹਾਨ ਹੋ ਗਏ। ਸੋਮਿਆ ਦੀ ਕਾਰ ਦੇ ਸ਼ੀਸ਼ੇ ਵੀ ਟੁੱਟ ਗਏ।

ਰੇਡ ਕਰਨ ਵਾਲਿਆਂ ਦੇ ਹੋਸ਼ ਉਡੇ:

# ਕੰਧਾਂ ਵਿੱਚ ਲੁਕਾਏ ਹੋਏ 10 ਕਰੋੜ ਰੁਪਏ ਮਿਲੇ, ਫਰਸ਼ ਵਿੱਚੋਂ ਚਾਂਦੀ ਦੀਆਂ ਇੱਟਾਂ ਨਿਕਲੀਆਂ



ਮੁੰਬਈ, 24 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੀ ਆਰਥਿਕ ਰਾਜਧਾਨੀ ਮੁੰਬਈ ਵਿੱਚ ਇੱਕ ਕਾਰੋਬਾਰੀ ਦੇ ਘਰ ਛਾਪੇ ਦੌਰਾਨ ਇਨਕਮ ਟੈਕਸ ਵਿਭਾਗ ਦੇ ਅਧਿਕਾਰੀਆਂ ਨੂੰਘਰ ਅਤੇ ਦਫਤਰ ਦੀਆਂ ਕੰਧਾਂ ਵਿੱਚੋਂ 9.78 ਕਰੋੜ ਦੀ ਨਕਦੀ ਅਤੇ 19 ਕਿਲੋ ਚਾਂਦੀ ਦੀਆਂ ਇੱਟਾਂ ਮਿਲੀਆਂ ਹਨ, ਜਿਸ ਨਾਲ ਹਰ ਕੋਈ ਹੈਰਾਨ ਰਹਿ ਗਿਆ।

ਮਹਾਰਾਸ਼ਟਰ ਜੀ ਐਸ ਟੀ ਵਿਭਾਗ ਨੂੰ ਮੁੰਬਈ ਦੇ ਜਵੇਰੀ ਬਾਜ਼ਾਰ ਵਿੱਚ ਰਹਿੰਦੇ ਇੱਕ ਸਰਾਫਾ ਵਪਾਰੀ ਚਾਮੁੰਡਾ ਦੀ ਜਾਇਦਾਦ ਵਿੱਚ ਅਚਾਨਕ ਉਛਾਲ ਆਉਣ ਦੀ ਜਾਣਕਾਰੀ ਸੀ। ਵਿੱਤੀ ਸਾਲ 2019-20 ਵਿੱਚ ਇਸ ਕਾਰੋਬਾਰੀ ਦੀ ਟਰਨਓਵਰ 22.83 ਲੱਖ ਰੁਪਏ ਸੀ। ਅਗਲੇ ਵਿੱਤੀ ਸਾਲ (2020-21) ਵਿੱਚ ਵੱਧ ਕੇ 652 ਕਰੋੜ ਹੋ ਗਈ। ਇਹ ਤੇਜ਼ੀ ਅਗਲੇ ਵਿੱਤੀ ਸਾਲ ਵਿੱਚ ਵੀ ਜਾਰੀ ਰਹੀ ਅਤੇ 1764 ਕਰੋੜ ਤਕ ਪਹੁੰਚ ਗਈ।ਇਸ ਪਿੱਛੋਂ ਮਹਾਰਾਸ਼ਟਰ ਜੀ ਐਸ ਟੀ ਟੀਮ ਨੇ 16 ਅਪ੍ਰੈਲ ਨੂੰ ਕਾਰੋਬਾਰੀ ਦੇ ਟਿਕਾਣਿਆਂ ਉੱਤੇ ਛਾਪਾ ਮਾਰਿਆ ਤਾਂ ਕਾਰੋਬਾਰੀ ਦੇ ਦਫਤਰ ਦੀਆਂ ਕੰਧਾਂ ਵਿੱਚੋਂ 9.78 ਕਰੋੜ ਨਕਦ ਤੇ 19 ਕਿਲੋ ਚਾਂਦੀ ਦੀਆਂ ਇੱਟਾਂ (ਲਗਭਗ 13 ਲੱਖ ਰੁਪਏ)ਫਰਸ਼ ਵਿੱਚੋਂ ਮਿਲੀਆਂ। ਜਿਸ ਥਾਂਛਾਪੇ ਮਾਰੇ ਗਏ ਸਨ, ਉਸ ਦੇ ਮਾਲਕ ਨੇ ਇਸ ਬਾਰੇ ਕੋਈ ਜਾਣਕਾਰੀ ਹੋਣ ਤੋਂ ਸਾਫ ਇਨਕਾਰ ਕੀਤਾ ਹੈ। ਵਿਭਾਗ ਨੇ ਦਫਤਰ ਨੂੰ ਸੀਲ ਕਰ ਦਿੱਤਾ। 20 ਅਪ੍ਰੈਲ ਨੂੰ ਇਨਕਮ ਟੈਕਸ ਵਿਭਾਗ ਅਧਿਕਾਰੀ ਉਥੇ ਪਹੁੰਚੇ ਅਤੇ ਨਕਦੀ ਦੀ ਗਿਣਤੀ ਸ਼ੁਰੂ ਕਰ ਦਿੱਤੀ। ਇੰਨੀ ਨਕਦੀ ਗਿਣਨ ਵਿੱਚ ਕਰੀਬ ਛੇ ਘੰਟੇ ਲੱਗ ਗਏ। ਇਸ ਦੌਰਾਨ ਕਾਰੋਬਾਰੀ ਨੇ ਗ੍ਰਿਫਤਾਰੀ ਤੋਂ ਬਚਣ ਲਈ ਅਦਾਲਤ ਵਿੱਚ ਅਗਾਊਂ ਜ਼ਮਾਨਤ ਲਈ ਪਟੀਸ਼ਨ ਦਾਇਰ ਕੀਤੀ ਹੈ।

# ਭਾਰਤੀ ਵਿਦਿਆਰਥੀਆਂ ਨੂੰ ਪਾਕਿ 'ਚ ਪੜ੍ਹਨ ਨਾ ਜਾਣ ਦੀ ਸਲਾਹ

ਨਵੀਂ ਦਿੱਲੀ, 24 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਅਤੇ ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ ਆਈ ਸੀ ਟੀ ਈ) ਨੇ ਪਾਕਿਸਤਾਨ ਜਾਣ ਦੇ ਇਛੁੱਕ ਭਾਰਤੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ। ਯੂ ਜੀ ਸੀ ਅਤੇ ਏ ਆਈ ਸੀ ਟੀ ਈ ਨੇ ਸਾਂਝੇ ਤੌਰ ਉੱਤੇਜਾਰੀਐਡਵਾਈਜ਼ਰੀਵਿੱਚ ਕਿਹਾ ਹੈ ਕਿ ਸਾਰੇ ਵਿਦਿਆਰਥੀਆਂ ਨੂੰ ਉਚ ਸਿੱਖਿਆ ਲਈ ਪਾਕਿਸਤਾਨ ਨਾ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ।

ਇਸ ਐਡਵਾਈਜ਼ਰੀ ਮੁਤਾਬਕ ਕੋਈ ਵੀ ਭਾਰਤੀ ਨਾਗਰਿਕ ਜਾਂ ਭਾਰਤੀ ਮੂਲ ਦਾ ਵਿਦੇਸ਼ੀ ਨਾਗਰਿਕ (ਓ ਆਈ ਸੀ) ਜੇ ਪਾਕਿਸਤਾਨ ਦੇ ਕਿਸੇ ਕਾਲਜ ਜਾਂ ਵਿਦਿਅਕ ਸੰਸਥਾ ਵਿੱਚ ਦਾਖਲਾ ਲਵੇਗਾ ਤਾਂ ਉਹ ਪਾਕਿਸਤਾਨੀ ਸਰਟੀਫਿਕੇਟ ਦੇ ਆਧਾਰ ਉੱਤੇ ਭਾਰਤ ਵਿੱਚ ਨੌਕਰੀ ਜਾਂ ਉਚ ਸਿੱਖਿਆ ਦੇ ਯੋਗ ਨਹੀਂ ਮੰਨਿਆ ਜਾਵੇਗਾ। ਇਸ ਵਿੱਚ ਕਿਹਾ ਗਿਆ ਹੈ ਕਿ ਵਿਦੇਸ਼ੀ ਨਾਗਰਿਕ ਅਤੇ ਉਨ੍ਹਾਂ ਦੇ ਬੱਚੇ, ਜਿਨ੍ਹਾਂ ਨੇ ਪਾਕਿਸਤਾਨ ਵਿੱਚ ਸਿੱਖਿਆ ਪ੍ਰਾਪਤ ਕੀਤੀ ਹੈ ਅਤੇ ਭਾਰਤ ਵੱਲੋਂ ਨਾਗਰਿਕਤਾ ਦਿੱਤੀ ਹੋਈ ਹੈ, ਉਹ ਭਾਰਤ ਵਿੱਚ ਰੁਜ਼ਗਾਰ ਹਾਸਲ ਕਰਨ ਲਈ ਯੋਗ ਹੋਣਗੇ, ਬਸ਼ਰਤੇ ਗ੍ਰਹਿ ਮੰਤਰਾਲੇ ਤੋਂ ਸੁਰੱਖਿਆ ਮਨਜ਼ੂਰੀ ਮਿਲੇ। ਏ ਆਈ ਸੀ ਈ ਟੀ ਦੇ ਮੁਖੀ ਅਨੁਸਾਰ ਭਾਰਤੀ ਵਿਦਿਆਰਥੀਆਂ ਨੂੰ ਇਹ ਸਲਾਹ ਦੇਣ ਦੀ ਲੋੜ ਹੈ ਕਿ ਉਨ੍ਹਾਂ ਨੂੰ ਸਿੱਖਿਆ ਲਈ ਕਿਹੜੀਆਂ ਸੰਸਥਾਵਾਂ ਅਤੇ ਦੇਸ਼ਾਂ ਵਿੱਚ ਜਾਣਾ ਚਾਹੀਦਾ ਹੈ। ਯੂ ਜੀ ਸੀ ਦੇ ਪ੍ਰਧਾਨ ਨੇ ਕਿਹਾ ਕਿਹਾਲ ਦੇ ਦਿਨਾਂ ਵਿੱਚ ਅਸੀਂ ਦੇਖਿਆ ਹੈ ਕਿ ਕਿਵੇਂ ਸਾਡੇ ਵਿਦਿਆਰਥੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਹ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਵਿਦੇਸ਼ ਵਾਪਸ ਨਹੀਂ ਜਾ ਸਕੇ।






# ਨਾਬਾਲਗ ਲੜਕੀ ਨੂੰ ਕਿਡਨੈਪ ਕਰ ਕੇ ਬਿਹਾਰ ਲਿਜਾਂਦਾ ਕਾਬੂ



ਲੁਧਿਆਣਾ, 24 ਅਪ੍ਰੈਲ (ਪੋਸਟ ਬਿਊਰੋ)- ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਬਿਹਾਰ ਲਿਜਾ ਰਹੇ ਨੌਜਵਾਨ ਨੂੰ ਕੱਲ੍ਹ ਏਥੇ ਰੇਲਵੇ ਚਾਈਲਡ ਲਾਈਨ ਦੀ ਟੀਮ ਨੇ ਕਾਬੂ ਕਰ ਲਿਆ। ਦੋਵਾਂ ਨੂੰ ਹਿਰਾਸਤ ਵਿੱਚ ਲੈਣ ਉੱਤੇ ਜਦੋਂ ਟੀਮ ਨੇ ਪੁੱਛਗਿੱਛ ਕੀਤੀ ਤਾਂ ਇਸ ਗੱਲ ਦਾ ਭੇਦ ਖੁੱਲ੍ਹਾ, ਜਿਸ ਉੱਤੇ ਲਾਈਨ ਦੇ ਕੋਆਰਡੀਨੇਟਰ ਕੁਲਵਿੰਦਰ ਸਿੰਘ ਡਾਂਗੇ ਨੇ ਜੀ ਆਰ ਪੀ ਨੂੰ ਸੂਚਿਤ ਕਰ ਕੇ ਦੋਵਾਂ ਦੇ ਪਰਵਾਰਾਂ ਨੂੰ ਸੂਚਿਤ ਕੀਤਾ। ਇਸ ਦੇ ਬਾਅਦ ਸੱਦੇ ਗਏ ਨਾਬਾਲਗ ਲੜਕੀ ਦੇ ਪਿਤਾ ਨੇ ਦੱਸਿਆ ਕਿ ਉਕਤ ਨੌਜਵਾਨ ਦਿਨੇਸ਼ ਕੁਮਾਰ ਖਿਲਾਫ ਥਾਣਾ ਹੈਬੋਵਾਲ ਵਿੱਚ ਕੇਸ ਦਰਜ ਕਰਵਾਇਆ ਹੈ। ਉਹ ਉਨ੍ਹਾਂ ਦੇ ਘਰ ਦੇ ਕੋਲ ਰਹਿੰਦਾ ਹੈ ਅਤੇ ਉਸ ਦੀ 13 ਸਾਲ ਦੀ ਬੇਟੀ, ਜੋ ਪੰਜਵੀਂ ਕਲਾਸ ਵਿੱਚ ਪੜ੍ਹਦੀ ਹੈ, ਨਾਲ ਛੇੜਛਾੜ ਕਰਦਾ ਸੀ। ਉਸ ਨੂੰ ਪਹਿਲਾਂ ਰੋਕਿਆ ਗਿਆ ਸੀ। ਉਸ ਦੀ ਪਤਨੀ ਨੇ ਘਰ ਦਾ ਕੰਮ-ਕਾਜ ਮੁਕਾਉਣ ਪਿੱਛੋਂ ਦੇਖਿਆ ਕਿ ਉਸ ਦੀ ਬੇਟੀ ਘਰ ਨਹੀਂ ਸੀ। ਕਾਫੀ ਭਾਲ ਕੀਤੀ ਤਾਂ ਇਸ ਦੌਰਾਨ ਪਤਾ ਲੱਗਾ ਕਿ ਉਕਤ ਦੋਸ਼ੀ ਵੀ ਘਰ ਨਹੀਂ ਸੀ। ਟੀਮ ਨੇ ਜਦੋਂ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਤਾਂ ਪਹਿਲਾਂ ਗਲਤ ਦੱਸਦੇ ਰਹੇ, ਪਰ ਕੁਝ ਸਖਤੀ ਵਰਤਣ ਤੇ ਨਾਬਾਲਗ ਲੜਕੀ ਨੇ ਸਾਰੀ ਗੱਲ ਦੱਸ ਦਿੱਤੀ, ਜਿਸ ਉੱਤੇ ਮੁਲਜ਼ਮ ਨੂੰ ਫੜ ਕੇ ਜੀ ਆਰ ਪੀ ਹਵਾਲੇ ਕਰ ਦਿੱਤਾ ਗਿਆ ਅਤੇ ਬੱਚੀ ਨੂੰ ਉਸ ਦੇ ਮਾਂ-ਬਾਪ ਦੇ ਸਪੁਰਦ ਕਰ ਦਿੱਤਾ।

# ਛੱਤ ਤੋਂ ਘਰ ਵਿੱਚ ਆਣ ਵੜੇ ਲੁਟੇਰਿਆਂ ਨੇ ਐਨ ਆਰ ਆਈ ਨੂੰ ਗੋਲੀ ਮਾਰੀ

*** ਲੱਖਾਂ ਰੁਪਏ ਦੀ ਭਾਰਤੀ ਤੇ ਵਿਦੇਸ਼ੀ ਕਰੰਸੀ ਲੁੱਟ ਕੇ ਲੈ ਗਏ**

ਜਲੰਧਰ, 24 ਅਪ੍ਰੈਲ (ਪੋਸਟ ਬਿਊਰੋ)- ਥਾਣਾ ਰਾਮਾ ਮੰਡੀ ਹੇਠਲੇ ਲੱਧੇਵਾਲੀ ਦੀ ਯੂਨੀਵਰਸਿਟੀ ਰੋਡ ਉੱਤੇ ਰੰਧਾਵਾ ਕਾਲੋਨੀ ਵਿੱਚ ਰਹਿੰਦੇ ਇੱਕ ਐਨ ਆਰ ਆਈ ਪਰਵਾਰ ਦੇ ਘਰ ਰਾਤ 1:30 ਵਜੇ ਦਾਖਲ ਹੋਏ ਤਿੰਨ ਲੁਟੇਰਿਆਂ ਨੇ ਐਨ ਆਰ ਆਈ ਨੂੰ ਗੋਲੀ ਮਾਰ ਕੇ ਗੰਭੀਰ ਜ਼ਖਮੀ ਕਰ ਦਿੱਤਾ ਅਤੇ ਲੱਖਾਂ ਰੁਪਏ ਦੀ ਭਾਰਤੀ ਤੇ ਵਿਦੇਸ਼ੀ ਕਰੰਸੀ ਲੁੱਟ ਲਈ।ਇਨ੍ਹਾਂ ਲੁਟੇਰਿਆਂ ਨੇ ਐਨ ਆਰ ਆਈ ਦੀ ਨੂੰਹ ਨੂੰ ਬੰਦੀ ਬਣਾ ਕੇ ਜਬਰੀ ਉਸ ਦੇ ਸੋਨੇ ਦੇ ਗਹਿਣੇ ਲੁਹਾ ਲਏ ਤੇ ਫਰਾਰ ਹੋ ਗਏ। ਇਸ ਬਾਰੇ ਪੁਲਸ ਜਾਂਚ ਪੜਤਾਲ ਕਰ ਰਹੀ ਹੈ।

ਗੰਭੀਰ ਜ਼ਖਮੀ ਐਨ ਆਰ ਆਈ ਮਲਕੀਤ ਸਿੰਘ ਦੀ ਪਤਨੀ ਹਰਬੰਸ ਕੌਰ ਨੇ ਦੱਸਿਆ ਕਿ ਉਹ ਦੋਵੇਂ (ਪਤੀ-ਪਤਨੀ) ਅਤੇ ਉਨ੍ਹਾਂ ਦੀ ਨੂੰਹ ਅਮਨਦੀਪ ਕੌਰ ਵੱਖ-ਵੱਖ ਕਮਰਿਆਂ ਵਿੱਚ ਸੁੱਤੇ ਪਏ ਸੀ। ਅੱਧੀ ਰਾਤ ਨੂੰ ਘਰ ਦੀ ਛੱਤ ਤੋਂ ਆਏ ਲੁਟੇਰਿਆਂ ਨੇ ਉਨ੍ਹਾਂ ਦੋਵਾਂ ਪਤੀ-ਪਤਨੀ ਨਾਲ ਧੱਕਾ-ਮੁੱਕਾ ਸ਼ੁਰੂ ਕਰ ਦਿੱਤੀ। ਉਨ੍ਹਾਂ ਦੇ ਰੌਲਾ ਪਾਉਣ ਉੱਤੇ ਉਨ੍ਹਾਂ ਦੀ ਨੂੰਹ ਅਮਨਦੀਪ ਕੌਰ ਆਪਣੇ ਕਮਰੇ ਵਿੱਚੋਂ ਬਾਹਰ ਨਿਕਲੀ ਤਾਂ ਉਸ ਨੂੰ ਲੁਟੇਰਿਆਂ ਨੇ ਬੰਦੀ ਬਣਾ ਕੇ ਉਸ ਵੱਲੋਂ ਪਹਿਨੇ ਗਹਿਣੇ, ਚੇਨੀ ਅਤੇ ਵਾਲੀਆਂ ਲੁਹਾ ਲਈਆਂ।ਵਿਰੋਧ ਕਰਨ ਉੱਤੇ ਇੱਕ ਲੁਟੇਰੇ ਨੇ ਆਪਣੀ ਪਿਸੌਤਲ ਕੱਢੀ ਅਤੇ ਮਲਕੀਤ ਸਿੰਘ ਨੂੰ ਗੋਲੀ ਮਾਰ ਦਿੱਤੀ। ਵਾਰਦਾਤ ਪਿਛੋਂ ਉਹ ਛੱਤ ਤੋਂ ਫਰਾਰ ਹੋ ਗਏ। ਫਿੰਗਰ ਪ੍ਰਿੰਟ ਮਾਹਰ ਅਤੇ ਡਾਗ ਸਕੁਐਡ ਸਮੇਤ ਕਈ ਜਾਂਚ ਟੀਮਾਂ ਵੀ ਐਨ ਆਰ ਆਈ ਮਲਕੀਤ ਸਿੰਘ ਦੇ ਘਰ ਵਿੱਚ ਜਾਂਚ ਕਰ ਰਹੀਆਂ ਹਨ।



# ਹਸਪਤਾਲ ਤੋਂ ਭੱਜਿਆ ਦੋਸ਼ੀ ਚੋਰੀ ਕਰਦਾ ਕਾਬੂ

ਫਿਲੌਰ, 24 ਅਪ੍ਰੈਲ (ਪੋਸਟ ਬਿਊਰੋ)- ਚੋਰੀ ਦੇ ਕੇਸ ਵਿੱਚ ਕਾਬੂ ਕੀਤੇ ਵਿਅਕਤੀ ਨੂੰ ਪੁਲਸ ਮੈਡੀਕਲ ਲਈ ਹਸਪਤਾਲ ਲੈ ਕੇ ਗਈ ਤਾਂ ਝਕਾਨੀ ਦੇ ਕੇ ਉਥੋਂ ਭੱਜ ਗਿਆ। ਉਥੋਂ ਭੱਜਣ ਪਿੱਛੋਂ ਲੁਕਣ ਦੀ ਬਜਾਏ ਇੱਕ ਹੋਰ ਘਰ ਜਾ ਵੜਿਆ ਤੇ ਉਥੇ ਕੱਪੜੇ ਬਦਲਣ ਦੇ ਨਾਲ ਚੋਰੀ ਵੀ ਕਰ ਲਈ, ਪਰ ਉਹ ਉਥੇ ਵੀ ਫੜਿਆ ਗਿਆ।

ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਸ਼ਹਿਰ ਦੀ ਤੇਹਿੰਗ ਚੁੰਗੀ ਕੋਲ ਲੋਕਾਂ ਨੇ ਦੋ ਨੌਜਵਾਨਾਂ ਨੂੰ ਫੜ ਕੇ ਪੁਲਸ ਹਵਾਲੇ ਕੀਤਾ ਸੀ। ਪਿੰਡ ਨਗਰ ਦੇ ਰਾਜ ਕੁਮਾਰ ਨੇ ਦੱਸਿਆ ਕਿ ਉਕਤ ਨੌਜਵਾਨਾਂ ਨੇ ਪਿੰਡ ਵਿੱਚ ਉਸ ਦੀ ਇਲੈਕਟ੍ਰਾਨਿਕਸ ਦੀ ਦੁਕਾਨ ਤੋਂ ਗੱਲਾ ਭੰਨ ਕੇ 18000 ਦੀ ਨਕਦੀ ਚੋਰੀ ਕੀਤੀ ਸੀ। ਦੁਕਾਨ ਵਿੱਚ ਦਾਖਲ ਹੁੰਦੇ ਇੱਕ ਨੌਜਵਾਨ ਦੀ ਤਸਵੀਰ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਈ। ਪੁਲਸ ਨੌਜਵਾਨਾਂ ਨੂੰ ਥਾਣੇ ਲੈ ਕੇ ਗਈ ਤਾਂ ਸਿਵਲ ਹਸਪਤਾਲ ਫਿਲੌਰ ਤੋਂ ਮੈਡੀਕਲ ਕਰਵਾਉਣ ਪੁੱਜੀ ਅਤੇ ਓਥੋਂ ਪੁਲਸ ਦੀ ਗ੍ਰਿਫਤ ਵਿੱਚੋਂ ਇੱਕ ਜਣਾ ਭੱਜ ਗਿਆ। ਫਿਰ ਉਸ ਨੇ ਗੜਾ ਰੋਡ ਉੱਤੇ ਇੱਕ ਘਰ ਵਿੱਚਵੜ ਕੇ ਕੱਪੜੇ ਬਦਲੇ ਅਤੇ ਉਸ ਘਰਤੋਂ 10000 ਰੁਪਏ ਚੋਰੀ ਕਰ ਲਏ। ਉਸ ਨੂੰ ਘਰ ਵਾਲਿਆਂ ਨੇ ਮੌਕੇ ਉੱਤੇ ਫੜ ਲਿਆ ਤੇ ਕੁਟਾਪਾ ਚਾੜ੍ਹਨ ਪਿੱਛੋਂ ਪੁਲਸ ਨੂੰ ਸੌਂਪ ਦਿੱਤਾ। ਥਾਣਾ ਫਿਲੌਰ ਵਿਖੇ ਪੁੱਜੇ ਸੰਧੂ ਐਲਮੀਨੀਅਮ ਅਕਲਪੁਰ ਰੋਡ ਦੇ ਮਾਲਕ ਸਟੀਫਨ ਸੰਧੂ ਨੇ ਦੱਸਿਆ ਕਿ ਪੁਲਸ ਵੱਲੋਂ ਫੜੇ ਉਕਤ ਵਿਅਕਤੀਆਂ ਨੇ ਹੀ ਉਸ ਦੀ ਦੁਕਾਨ ਵਿੱਚੋਂ ਵੀਹ ਹਜ਼ਾਰ ਰੁਪਏ ਦੀ ਚੋਰੀ ਕੀਤੀ ਹੈ, ਜਿਨ੍ਹਾਂ ਦੀ ਬਿਨਾਂ ਨੰਬਰੀ ਜੁਪੀਟਰ ਸਕੂਟਰੀ ਵੀ ਕੈਮਰੇ ਵਿੱਚ ਕੈਦ ਹੈ।

# ਸਕੂਲੀ ਵੈਨ ਪਲਟਣ ਨਾਲ ਇੱਕ ਬੱਚੇ ਦੀ ਮੌਤ, ਕਈ ਜ਼ਖਮੀ

ਫਿਰੋਜ਼ਪੁਰ, 24 ਅਪ੍ਰੈਲ (ਪੋਸਟ ਬਿਊਰੋ)- ਫਾਜ਼ਿਲਕਾ ਰੋਡ ਉੱਤੇ ਪਿੰਡ ਲੇਲੀ ਵਾਲਾ ਕੋਲ ਕੱਲ੍ਹ ਦੁਪਹਿਰ ਬਾਅਦ ਸਕੂਲ ਵੈਨ ਨਾਲ ਵਾਪਰੇ ਹਾਦਸੇ ਵਿੱਚ ਇੱਕ ਬੱਚੇ ਦੀ ਮੌਤ ਹੋ ਗਈ, ਜਦ ਕਿ ਅੱਠ ਅਧਿਆਪਕ ਜ਼ਖਮੀ ਹੋ ਗਏ।

ਮਿਲੀ ਜਾਣਕਾਰੀ ਅਨੁਸਾਰ ਸਕੂਲ ਦੀ ਛੁੱਟੀ ਹੋਣ ਪਿੱਛੋਂ ਬੱਚਿਆਂ ਨੂੰ ਲੈ ਕੇ ਜਾ ਰਹੀ ਸਕੂਲ ਵੈਨ ਅਤੇ ਮੋਟਰ ਸਾਈਕਲ ਦਾ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿੱਚ ਸਕੂਲ ਵੈਨ ਦੇ ਡਰਾਈਵਰ ਨੇ ਮੋਟਰ ਸਾਈਕਲ ਉੱਤੇ ਜਾ ਰਹੇ ਦੋ ਵਿਅਕਤੀਆਂ ਨੂੰ ਬਚਾਉਂਦੇ ਹੋਏ ਵੈਨ ਸੜਕ ਕਿਨਾਰੇ ਕਰ ਦਿੱਤੀ,ਪਰ ਵੈਨ ਬੇਕਾਬੂ ਹੋ ਕੇ ਖੇਤਾਂ ਵਿੱਚ ਪਲਟ ਗਈ। ਹਾਦਸੇ ਵਿੱਚ ਤਰੁਣ ਨਾਂਅ ਦੇ ਬੱਚੇ ਦੀ ਮੌਤ ਹੋ ਗਈ ਅਤੇ ਵੈਨ ਵਿੱਚ ਸਵਾਰ ਅੱਠ ਟੀਚਰ, ਪੰਜ ਬੱਚੇ ਅਤੇ ਡਰਾਈਵਰ ਜ਼ਖਮੀ ਹੋ ਗਿਆ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769







## ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਦੇਖੋ ਮਾਲਿਸ਼ ਦਾ ਕਮਾਲ

ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:

**647-927-2049**

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013







## ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ । ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000
416-818-3777



## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






Urgently Need New Listings in Brampton/Caledon

visit: www.teamjagaujla.com

Call JAG AUJLA
MCNE, REAL ESTATE BROKER
DIR: 416-371-7777
j.aujla@rogers.com www.jagaujla.com

CALL JAG FOR A QUICK & FREE HOME EVALUATION
www.BramptonTopRealtor.com www.BramptonTopAgent.com

RECENTLY LISTED/SOLD IN YOUR NEIGHBOURHOOD BY JAG AUJLA

JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details

JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details

SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood

SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird

SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell

SOLD @101% OF ASKING PRICE
12 Laurelcrest St
Queen / Laurelcrest / Hwy 410

SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410

SOLD @99% OF ASKING PRICE
11 Van Hoof Crest
Castlemore/ Goreway / Latania

SOLD $121,000 OVER ASKING IN 6 DAYS Caledon
42 Pinedale Ave
Kennedy / Dougall

SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood

SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy

FREE
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price

Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

SOLD
$1,399,999
CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

FOR SALE
$1,749,900
8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

FOR SALE
$1,950,000
26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਉਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017